Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in



ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 500/- ਰੁਪਏ

ਦੋ ਸਾਲ ਲਈ 750/- ਰੁਪਏ

ਚੰਦੇ ਭਰਨ ਲਈ QR ਕੋਡ ਸਕੈਨ ਕਰੋ।



Editor : Jagpreet Singh ● RNI/PUNPUN00806 ● Issue Dated 01-02-2025 ● Vol.43 No.05 ● Ph. : 0175-2214575, 90410-14575 ● Page : 16

E-mail : khetiduniyan1983@gmail.com


# ਦੇਸ਼ ਦੇ ਨਰਮਾ ਉਤਪਾਦਨ ਕਰਨ ਵਾਲੇ 12 ਰਾਜਾਂ ਦੇ ਮੁਕਾਬਲੇ ਪੰਜਾਬ ਹੇਠਾਂ ਖਿਸਕਿਆ

## 1990-91 'ਚ 7.01 ਲੱਖ ਹੈਕਟੇਅਰ ਤੇ 2024-25 'ਚ 98 ਹਜ਼ਾਰ ਹੈਕਟੇਅਰ ਰਕਬੇ 'ਚ ਹੀ ਨਰਮੇ ਦੀ ਹੋਈ ਸੀ ਬਿਜਾਂਦ

ਚਿੱਟੇ ਸੋਨੇ ਦੀ ਪੈਦਾਵਾਰ 'ਚ ਮੋਹਰੀ ਰਹੇ ਪੰਜਾਬ ਦੇ ਕਿਸਾਨਾਂ ਦਾ ਖੇਤੀਬਾੜੀ ਤੇ ਭਾਰਤੀ ਕਪਾਹ ਨਿਗਮ ਸਮੇਂ-ਸਮੇਂ 'ਤੇ ਮਾਰਗ ਦਰਸ਼ਨ ਕਰਨ 'ਚ ਅਸਫਲ ਰਿਹਾ ਹੈ। ਜਿਸ ਕਾਰਨ ਪੰਜਾਬੀਆਂ ਨੇ ਕਪਾਹ ਦੀ ਫਸਲ ਤੋਂ ਮੂੰਹ ਮੋੜ ਲਿਆ ਹੈ। ਇਕ ਉਹ ਵੀ ਦਿਨ ਸਨ ਜਦ ਸਾਲ 1990-91 'ਚ ਸੂਬੇ ਅੰਦਰ ਕਪਾਹ ਹੇਠ 7.01 ਲੱਖ ਹੈਕਟੇਅਰ ਰਕਬਾ ਸੀ ਤੇ 2019-20 'ਚ ਵੀ ਪੰਜਾਬ ਅੰਦਰ 12 ਲੱਖ ਗੱਠਾਂ ਕਪਾਹ ਪੈਦਾ ਹੋਈਆਂ ਸਨ। ਮਾੜਾ ਪਹਿਲੂ ਇਹ ਰਿਹਾ ਹੈ ਕਿ ਕਪਾਹ ਦੀ ਫਸਲ ਮੁਨਾਫਾਬਖਸ਼ ਨਾ ਹੋਣ ਤੇ ਅਮਰੀਕਨ ਸੁੰਡੀ ਦੀ ਮਾਰ ਦੇ ਚਲਦਿਆਂ ਸਾਲ 2024-45 'ਚ ਨਰਮੇ ਕਪਾਹ ਹੇਠ ਰਕਬਾ 98 ਹਜ਼ਾਰ ਹੈਕਟੇਅਰ 'ਤੇ ਹੀ ਸਿਮਟ ਕੇ ਰਹਿ ਗਿਆ ਹੈ। ਜਾਣਕਾਰੀ ਅਨੁਸਾਰ ਦੇਸ਼ ਦੇ 12 ਰਾਜਾਂ ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਤੇਲੰਗਾਨਾ, ਆਂਧਰਾ ਪ੍ਰਦੇਸ਼, ਕਰਨਾਟਕਾ, ਪੱਛਮੀ ਬੰਗਾਲ, ਓਡੀਸਾ 'ਚ ਹੀ ਨਰਮੇ ਦੀ ਕਾਸ਼ਤ ਹੁੰਦੀ ਹੈ। ਸਾਲ 2023-24 'ਚ ਭਾਰਤੀ ਕਪਾਹ ਨਿਗਮ ਨੇ 4,85,280 ਗੱਲਾਂ ਤੇਲੰਗਾਨਾ 'ਚੋਂ ਖਰੀਦੀਆਂ ਜਦ ਕਿ ਪੰਜਾਬ 'ਚੋਂ 25,229 ਗੱਠਾਂ ਹੀ ਖਰੀਦੀਆਂ ਗਈਆਂ। ਹਰਿਆਣਾ 'ਚੋਂ 19,246 ਅਤੇ ਮੱਧ ਪ੍ਰਦੇਸ਼ 'ਚ 29,083 ਅਤੇ ਆਂਧਰਾ ਪ੍ਰਦੇਸ਼ 'ਚੋਂ 63,513 ਗੱਠਾਂ ਦੀ ਖਰੀਦ ਹੋਈ। ਇਹ ਵੀ ਪਤਾ ਲੱਗਾ ਹੈ ਸਾਲ 2024-25 'ਚ ਮਹਾਰਾਸ਼ਟਰ 'ਚ 32.66 ਲੱਖ ਕੁਇੰਟਲ (6.28 ਲੱਖ ਗੱਠਾਂ) ਕਪਾਹ ਦੀ ਖਰੀਦ ਕਰਕੇ 1.04 ਲੱਖ ਕਿਸਾਨਾ ਨੂੰ ਫਾਇਦਾ ਹੋਣ ਦੀ ਗੱਲ ਕਹੀ ਗਈ ਹੈ। ਭਾਰਤੀ ਕਪਾਹ ਨਿਗਮ ਨੇ 12 ਕਪਾਹ ਉਤਪਾਦਕ ਰਾਜਾਂ ਦੇ 149 ਜ਼ਿਲ੍ਹਿਆਂ 'ਚ ਸਾਲ 2024-25 ਦੌਰਾਨ 499 ਖਰੀਦ ਕੇਂਦਰ ਸਥਾਪਤ ਕਰਨ ਦਾ ਦਾਅਵਾ ਕੀਤਾ ਹੈ। ਰਿਪੋਰਟ ਅਨੁਸਾਰ ਪੰਜਾਬ 'ਚ 18, ਹਰਿਆਣਾ 'ਚ 21, ਰਾਜਸਥਾਨ 'ਚ 37, ਮਹਾਰਾਸ਼ਟਰ 'ਚ 124, ਮੱਧ ਪ੍ਰਦੇਸ਼ 'ਚ 23, ਗੁਜਰਾਤ 'ਚ 72, ਆਂਧਰਾ ਪ੍ਰਦੇਸ਼ 'ਚ 33, ਤੇਲੰਗਾਨਾ 'ਚ 110, ਕਰਨਾਟਕਾ 'ਚ 26, ਓਡੀਸ਼ਾ 'ਚ 13, ਤਾਮਿਲਨਾਡੂ 'ਚ 21 ਅਤੇ ਪੱਛਮੀ ਬੰਗਾਲ 'ਚ ਸਿਰਫ 1 ਖਰੀਦ ਕੇਂਦਰ ਖੋਲ੍ਹਿਆ ਗਿਆ ਹੈ। ਜਦੋਂ ਕਿ ਪਿਛਲੇ ਕਪਾਹ ਸੀਜ਼ਨ 2023-24 'ਚ ਖਰੀਦ ਕੇਂਦਰਾਂ ਦੀ ਗਿਣਤੀ 446 ਸੀ। ਇਸ ਵਰ੍ਹੇ ਗੁਲਾਬੀ ਸੁੰਡੀ ਤੇ ਚਿੱਟੇ ਮੱਛਰ ਦਾ ਹਮਲਾ ਨਾ ਹੋਣ ਦੇ ਬਾਵਜੂਦ ਝਾੜ ਘਟਣ 'ਤੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਮਾਹਿਰਾਂ ਅਨੁਸਾਰ ਸਮੇਂ ਤੇ ਪਾਣੀ ਦੀ ਅਣਹੋਂਦ ਕਾਰਨ ਫਸਲ ਦਾ ਝਾੜ 4 ਤੋਂ 6 ਕੁਇੰਟਲ 'ਤੇ ਸਿਮਟ ਗਿਆ। ਜਾਣਕਾਰੀ ਅਨੁਸਾਰ ਪਿਛਲੇ ਸਾਲ ਕੀੜਿਆਂ ਦੇ ਹਮਲੇ ਅਤੇ ਖਰਾਬ ਮੌਸਮ ਕਾਰਨ ਨਰਮੇ ਦਾ ਔਸਤਨ ਝਾੜ 4 ਕੁਇੰਟਲ ਸੀ। ਇਸ ਵਾਰ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੇ ਹਮਲੇ ਨਾਲ ਕਪਾਹ ਉਗਾਉਣ ਵਾਲੇ 9 ਜ਼ਿਲ੍ਹਿਆਂ 'ਚ ਕੋਈ ਫਸਲ ਦਾ ਵੱਡਾ ਨੁਕਸਾਨ ਨਹੀਂ ਹੋਇਆ। ਇਹ ਵੀ ਕਿ ਨਰਮੇ ਦੀ ਜ਼ਿਆਦਾ ਫਸਲ ਫਾਜ਼ਿਲਕਾ, ਮੁਕਤਸਰ, ਬਠਿੰਡਾ ਅਤੇ ਮਾਨਸਾ ਦੇ ਨਾਲ ਲਗਦੇ ਪਿੰਡਾਂ ਦੇ ਜ਼ਿਲ੍ਹਿਆਂ 'ਚ ਵਧੇਰੇ ਕੀਤੀ ਜਾਂਦੀ ਹੈ। ਜਾਣਕਾਰੀ ਅਨੁਸਾਰ ਬਠਿੰਡਾ ਜ਼ਿਲ੍ਹੇ 'ਚ 14 ਹਜ਼ਾਰ ਹੈਕਟੇਅਰ ਰਕਬੇ 'ਚ ਨਰਮੇ ਅਤੇ ਕਪਾਹ ਦੀ ਕਾਸ਼ਤ ਕੀਤੀ ਗਈ ਹੈ। ਇਹ ਵੀ ਕਿ ਸਰਕਾਰੀ ਦਾਅਵੇ ਭਾਵੇਂ ਕੁਝ ਵੀ ਹੋਣ, ਪਰ ਪਿਛਲੇ ਸਮੇਂ ਤੋਂ ਕਿਸਾਨਾਂ ਦੇ ਪਿੱਛੇ ਪਈ ਅਮਰੀਕਨ ਸੁੰਡੀ ਅਤੇ ਚਿੱਟੇ ਮੱਛਰ ਨੇ ਕਿਸਾਨਾਂ ਨੂੰ ਕਪਾਹ ਹੇਠਲੇ ਰਕਬੇ ਨੂੰ ਘਟਾਉਣ ਲਈ ਮਜਬੂਰ ਕਰ ਦਿੱਤਾ ਹੈ। ਸਰਕਾਰੀ ਦਾਅਵਿਆਂ ਅਨੁਸਾਰ 2022-23 'ਚ 2.47 ਲੱਖ ਹੈਕਟੇਅਰ ਹੇਠ ਨਰਮੇ ਦੀ ਕਾਸ਼ਤ ਕੀਤੀ ਗਈ ਸੀ, ਜਿਸ ਤੋਂ ਲਗਭਗ 4.41 ਲੱਖ ਗੱਠਾਂ ਕਪਾਹ ਦਾ ਉਤਪਾਦਨ ਹੋਇਆ ਸੀ। ਸੀ ਸੀ ਆਈ ਵਲੋਂ ਨਰਮੇ ਦੀ ਫਸਲ ਨੂੰ 7281 ਰੁਪਏ ਕੁਇੰਟਲ ਐਮ ਐਸ ਪੀ ਦੇ ਹਿਸਾਬ ਨਾਲ ਖਰੀਦਿਆ ਗਿਆ। ਜਦ ਕਿ ਖੁੱਲ੍ਹੀ ਮੰਡੀ ਅੰਦਰ ਭਾਅ 7500 ਤੋਂ 7600 ਰੁਪਏ ਰਿਹਾ ਹੈ। ਦੂਜੇ ਪਾਸੇ ਇਹ ਵੀ ਜਾਣਕਾਰੀ ਮਿਲੀ ਹੈ ਕਿ ਕੱਚੀ ਕਪਾਹ ਦੀ ਰਹਿੰਦ-ਖੂੰਹਦ ਦੀ ਬਰਾਮਦ ਦਾ ਕਾਰੋਬਾਰ 781.43 ਮਿਲੀਅਨ ਡਾਲਰ ਤੋਂ 1115.49 ਮਿਲੀਅਨ ਡਾਲਰ 'ਤੇ ਪੁੱਜ ਗਿਆ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਨਰਮੇ ਕਪਾਹ ਦੀ ਕਾਸ਼ਤ ਘਟਣ ਨਾਲ ਪੰਜਾਬ ਅੰਦਰ ਸੈਂਕੜੇ ਕਾਟਨ ਮਿੱਲਾਂ ਬੰਦ ਹੋ ਗਈਆਂ ਹਨ, ਜਿਸ ਦਾ ਖਮਿਆਜ਼ਾ ਪੰਜਾਬ ਦੇ ਨੌਜਵਾਨਾਂ ਤੇ ਸਰਕਾਰ ਨੂੰ ਮਾਲੀਆ ਦੇ ਤੌਰ 'ਤੇ ਵੀ ਉਠਾਉਣਾ ਪੈ ਰਿਹਾ ਹੈ। ਦੂਜੇ ਪਾਸੇ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਕਿਸਾਨਾਂ ਦੇ ਮਸਲਿਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ ਅਤੇ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਕੰਮ ਕਰਨ ਦੇ ਨਾਲ-ਨਾਲ ਨੀਤੀ ਉਪਾਵਾਂ ਅਤੇ ਯੋਜਨਾਵਾਂ ਰਾਹੀਂ ਉਕਤ ਮੁੱਦਿਆਂ ਨੂੰ ਹੱਲ ਕਰਨ ਲਈ ਪਹਿਲ ਕਦਮੀਆਂ ਕੀਤੀਆਂ ਹਨ। ਖੇਤੀਬਾੜੀ ਰਾਜ ਦਾ ਵਿਸ਼ਾ ਹੋਣ ਕਰਕੇ ਭਾਰਤ ਸਰਕਾਰ ਬਜਟ ਸਹਾਇਤਾ ਦੁਆਰਾ ਰਾਜਾਂ ਦੇ ਯਤਨਾਂ ਦੀ ਪੂਰਤੀ ਕਰਦੀ ਹੈ ਅਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਵਧੇਰੇ ਸੁਰੱਖਿਅਤ ਬਣਾਉਣ ਲਈ ਵੱਖ-ਵੱਖ ਯੋਜਨਾਵਾਂ ਲਾਗੂ ਕਰਦੀ ਹੈ।



★ ਭਾਰਤੀ ਕਪਾਹ ਨਿਗਮ ਨੇ 2024-25 'ਚ 12 ਰਾਜਾਂ ਦੇ 149 ਜ਼ਿਲ੍ਹਿਆਂ 'ਚ ਬਣਾਏ ਸਨ ਸਿਰਫ 499 ਕੇਂਦਰ

★ ਇਸ ਵਰ੍ਹੇ ਗੁਲਾਬੀ ਸੁੰਡੀ ਤੇ ਚਿੱਟੇ ਮੱਛਰ ਦਾ ਹਮਲਾ ਨਾ ਹੋਣ ਦੇ ਬਾਵਜੂਦ ਝਾੜ ਘਟਣ 'ਤੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ


ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ
ਮਾਰਚ 2025 ਵਿੱਚ ਲਗਾਏ ਜਾ ਰਹੇ

ਕਿਸਾਨ ਮੇਲੇ

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ
ਦੋ ਰੋਜ਼ਾ ਕਿਸਾਨ ਮੇਲਾ 21 ਅਤੇ 22 ਮਾਰਚ




ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ (ਬੁੱਧਵਾਰ)

ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ (ਸ਼ੁੱਕਰਵਾਰ)

ਫਰੀਦਕੋਟ 11 ਮਾਰਚ (ਮੰਗਲਵਾਰ)

ਗੁਰਦਾਸਪੁਰ 13 ਮਾਰਚ (ਵੀਰਵਾਰ)

ਬਠਿੰਡਾ 18 ਮਾਰਚ (ਮੰਗਲਵਾਰ)

ਰੌਣੀ (ਪਟਿਆਲਾ) 25 ਮਾਰਚ (ਮੰਗਲਵਾਰ)

ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 24 ਤੋਂ 26 ਫਰਵਰੀ ਤੱਕ

# ਅਮਰੀਕੀ ਕਾਰਪੋਰੇਟ ਖੇਤੀ ਅਤੇ ਐਗਰੀਕਲਚਰਲ ਮਾਰਕੀਟਿੰਗ ਮਾਡਲ



## ਭਾਰਤੀ ਕਿਸਾਨਾਂ, ਖਪਤਕਾਰਾਂ ਅਤੇ ਰਾਸ਼ਟਰੀ ਹਿੱਤ ਵਿਚ ਨਹੀਂ



ਡਾ. ਵੀਰੇਂਦਰ ਸਿੰਘ ਲਾਠਰ,
ਸਾਬਕਾ ਪ੍ਰਮੁੱਖ ਵਿਗਿਆਨੀ,
ਆਈ ਸੀ ਏ ਆਰ-ਭਾਰਤੀ ਖੇਤੀਬਾੜੀ ਖੋਜ ਸੰਸਥਾ, ਨਵੀਂ ਦਿੱਲੀ
(ਮੋ. 94168-01607)

**ਭਾਰਤ ਵਰਗੇ ਸੰਘਣੀ ਆਬਾਦੀ ਅਤੇ ਛੋਟੀ ਖੇਤੀ ਜ਼ਮੀਨਾਂ ਵਾਲੇ ਦੇਸ਼ 'ਤੇ ਘੱਟ ਆਬਾਦੀ ਵਾਲੇ ਪੱਛਮੀ ਦੇਸ਼ਾਂ ਦੀ ਕਾਰਪੋਰੇਟ ਖੇਤੀ ਅਤੇ ਖੇਤੀ ਮੰਡੀਕਰਨ ਪ੍ਰਣਾਲੀ ਦਾ ਵੈਸ਼ਵੀਕਰਨ ਮਾਡਲ ਲਾਗੂ ਕਰਨਾ ਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਕਿਸਾਨਾਂ ਲਈ ਗੰਭੀਰ ਖਤਰਾ ਸਾਬਤ ਹੋਵੇਗਾ। ਕਿਉਂਕਿ ਪੱਛਮੀ ਦੇਸ਼ਾਂ ਵਿਚ ਖੇਤੀ ਸਿਰਫ ਵਪਾਰਕ ਮੰਤਵਾਂ ਲਈ ਕੀਤੀ ਜਾਂਦੀ ਹੈ, ਅਮਰੀਕਾ ਵਰਗੇ ਮੁਲਕਾਂ ਵਿਚ ਜਿਨ੍ਹਾਂ ਕੋਲ ਭਾਰਤ ਨਾਲੋਂ 2 ਗੁਣਾਂ ਵੱਧ ਖੇਤੀਯੋਗ ਜ਼ਮੀਨ ਹੈ, ਉੱਥੇ 2 ਫੀਸਦੀ ਤੋਂ ਵੀ ਘੱਟ ਆਬਾਦੀ ਖੇਤੀ 'ਤੇ ਨਿਰਭਰ ਹੈ, ਜਦੋਂ ਕਿ ਭਾਰਤ ਵਿਚ ਖੇਤੀਬਾੜੀ ਦਾ ਧੰਦਾ ਲਗਭਗ 66% ਨੂੰ ਰੁਜ਼ਗਾਰ ਪ੍ਰਦਾਨ ਕਰਦਾ ਹੈ।**

ਦੇਸ਼ ਲਈ ਮੰਦਭਾਗੀ ਹੈ ਕਿ ਅੰਤਰਰਾਸ਼ਟਰੀ ਦਬਾਅ ਅਤੇ ਵੈਸ਼ਵੀਕਰਨ ਦੀ ਆੜ ਵਿਚ ਕੇਂਦਰ ਸਰਕਾਰ ਵੱਲੋਂ ਰੱਦ ਕੀਤੇ ਗਏ ਖੇਤੀਬਾੜੀ ਕਾਨੂੰਨ ਅਤੇ ਖੇਤੀਬਾੜੀ ਡਰਾਫਟ ਨੀਤੀ-2024 ਆਦਿ ਖੇਤੀਬਾੜੀ 'ਤੇ ਕਾਰਪੋਰੇਟ ਕੰਪਨੀਆਂ ਦੇ ਨਿਯੰਤਰਣ ਨੂੰ ਉਤਸ਼ਾਹਿਤ ਕਰਨ ਅਤੇ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਅਤੇ ਕਿਸਾਨਾਂ ਦੀ ਸੁਰੱਖਿਆ ਕਵਰ, ਸਮਰਥਨ ਮੁੱਲ ਨੀਤੀ ਅਤੇ ਖੇਤੀ ਉਤਪਾਦ ਮੰਡੀ ਪ੍ਰਣਾਲੀ ਨੂੰ ਤਬਾਹ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਦੇਸ਼ ਦੇ ਕਿਸਾਨ ਇਸ ਦੇਸ਼ ਵਿਰੋਧੀ ਸਾਜ਼ਿਸ਼ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ। ਕਿਉਂਕਿ ਕਾਰਪੋਰੇਟ ਖੇਤੀ ਦਾ ਅਮਰੀਕੀ ਵਿਸ਼ਵੀਕਰਨ ਮਾਡਲ ਕੌਮੀ ਅੰਨ ਸੁਰੱਖਿਆ ਲਈ ਗੰਭੀਰ ਖਤਰਾ ਅਤੇ ਕਿਸਾਨਾਂ ਅਤੇ ਖਪਤਕਾਰਾਂ ਦੀ ਲੁੱਟ ਕਰਨ ਵਾਲਾ ਸਾਬਤ ਹੋਵੇਗਾ।

ਰਾਸ਼ਟਰੀ ਹਿੱਤਾਂ ਦੇ ਵਿਰੁੱਧ ਵੈਸ਼ਵੀਕਰਨ ਦੇ ਵਕਾਲਤੀ ਦੇ ਦਬਾਅ ਹੇਠ ਸਰਕਾਰੀ ਨੀਤੀ ਨਿਰਮਾਤਾ ਕਾਰਪੋਰੇਟ ਖੇਤੀ ਰਾਹੀਂ ਖੇਤੀ ਉਤਪਾਦਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖਪਤਕਾਰਾਂ ਨੂੰ ਸਸਤੀਆਂ ਵਸਤੂਆਂ ਮੁਹੱਈਆ ਕਰਵਾਉਣ ਆਦਿ ਵਰਗੇ ਝੂਠੇ ਦਾਅਵੇ ਕਰ ਰਹੇ ਹਨ, ਜੋ ਕਿ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਅਸਲ ਸੱਚਾਈ ਤੋਂ ਕੋਹਾਂ ਦੂਰ ਹਨ।

ਭਾਰਤ ਵਰਗੇ ਸੰਘਣੀ ਆਬਾਦੀ ਅਤੇ ਛੋਟੀ ਖੇਤੀ ਜ਼ਮੀਨਾਂ ਵਾਲੇ ਦੇਸ਼ 'ਤੇ ਘੱਟ ਆਬਾਦੀ ਵਾਲੇ ਪੱਛਮੀ ਦੇਸ਼ਾਂ ਦੀ ਕਾਰਪੋਰੇਟ ਖੇਤੀ ਅਤੇ ਖੇਤੀ ਮੰਡੀਕਰਨ ਪ੍ਰਣਾਲੀ ਦਾ ਵੈਸ਼ਵੀਕਰਨ ਮਾਡਲ ਲਾਗੂ ਕਰਨਾ ਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਕਿਸਾਨਾਂ ਲਈ ਗੰਭੀਰ ਖਤਰਾ ਸਾਬਤ ਹੋਵੇਗਾ। ਕਿਉਂਕਿ ਪੱਛਮੀ ਦੇਸ਼ਾਂ ਵਿਚ ਖੇਤੀ ਸਿਰਫ ਵਪਾਰਕ ਮੰਤਵਾਂ ਲਈ ਕੀਤੀ ਜਾਂਦੀ ਹੈ, ਅਮਰੀਕਾ ਵਰਗੇ ਮੁਲਕਾਂ ਵਿਚ ਜਿਨ੍ਹਾਂ ਕੋਲ ਭਾਰਤ ਨਾਲੋਂ 2 ਗੁਣਾਂ ਵੱਧ ਖੇਤੀਯੋਗ ਜ਼ਮੀਨ ਹੈ, ਉੱਥੇ 2 ਫੀਸਦੀ ਤੋਂ ਵੀ ਘੱਟ ਆਬਾਦੀ ਖੇਤੀ 'ਤੇ ਨਿਰਭਰ ਹੈ, ਜਦੋਂ ਕਿ ਭਾਰਤ ਵਿਚ ਖੇਤੀਬਾੜੀ ਦਾ ਧੰਦਾ ਲਗਭਗ 66% ਨੂੰ ਰੁਜ਼ਗਾਰ ਪ੍ਰਦਾਨ ਕਰਦਾ ਹੈ।

ਆਜ਼ਾਦੀ ਤੋਂ ਪਹਿਲਾਂ ਬੰਗਾਲ ਵਿਚ ਖੇਤੀ ਉੱਤੇ ਕਾਰਪੋਰੇਟ ਕੰਪਨੀਆਂ ਦਾ ਕੰਟਰੋਲ ਸੀ। ਉਨ੍ਹਾਂ ਦੇ ਆਰਥਿਕ ਲਾਲਚ ਕਾਰਨ ਦੇਸ਼ ਨੂੰ 1943-44 ਵਿਚ ਬੰਗਾਲ ਅਕਾਲ ਵਰਗੇ ਭਿਆਨਕ ਦੁਖਾਂਤ ਵਿੱਚੋਂ ਗੁਜ਼ਰਨਾ ਪਿਆ। ਜਿਸ ਵਿਚ ਕਾਰਪੋਰੇਟ ਕੰਪਨੀਆਂ ਦੇ ਗੋਦਾਮ ਅਨਾਜ ਨਾਲ ਭਰੇ ਹੋਰ ਦੇ ਬਾਵਜੂਦ ਉਸ ਸਮੇਂ ਬੰਗਾਲ ਦੀ 2 ਕਰੋੜ ਦੀ ਆਬਾਦੀ ਵਿੱਚੋਂ 30 ਲੱਖ ਤੋਂ ਵੱਧ ਲੋਕ ਭੁੱਖ ਨਾਲ ਕਰ ਗਏ ਸਨ। ਅੱਜ ਵੀ ਕਾਰਪੋਰੇਟ ਕੰਪਨੀਆਂ ਦੇ ਲਾਲਚ ਕਾਰਨ ਭਾਰਤ ਵਿਚ ਮੁਫਤ, ਜੀਵਨ-ਰੱਖਿਅਕ ਪੀਣ ਵਾਲਾ ਪਾਣੀ 30-50 ਰੁਪਏ ਪ੍ਰਤੀ ਬੋਤਲ ਵਿਚ ਵਿਕਦਾ ਹੈ। ਜਦੋਂ ਕਿ ਕਿਸਾਨਾਂ ਵੱਲੋਂ ਪੈਦਾ ਕੀਤੇ ਦੁੱਧ ਦੀ ਕੀਮਤ ਸਿਰਫ 50 ਰੁਪਏ ਪ੍ਰਤੀ ਲੀਟਰ ਹੈ ਅਤੇ ਕਿੰਨੂ, ਗਾਜਰ ਆਦਿ ਫਲਾਂ ਦੇ ਜੂਸ ਦੀ ਕੀਮਤ 50 ਰੁਏ ਪ੍ਰਤੀ ਲੀਟਰ ਤੋਂ ਵੀ ਘੱਟ ਹੈ। ਆਪਣੇ ਮੁਨਾਫੇ ਵਧਾਉਣ ਲਈ ਕਾਰਪੋਰੇਟ ਕੰਪਨੀਆਂ ਮਨੁੱਖਤਾ ਅਤੇ ਕੌਮੀ ਹਿੱਤਾਂ ਵਿਰੁੱਧ ਕਿਸੇ ਵੀ ਹੱਦ ਤੱਕ ਜਾ ਸਕਦੀਆਂ ਹਨ।



ਭਾਰਤ ਵਿਚ, 1943-44 ਦੇ ਬੰਗਾਲ ਦੇ ਅਕਾਲ ਅਤੇ ਆਜ਼ਾਦੀ ਤੋਂ ਬਾਅਦ ਲਗਾਤਾਰ ਕਈ ਸਾਲਾਂ ਦੇ ਸੋਕੇ ਵਰਗੀ ਭਿਆਨਕ ਤ੍ਰਾਸਦੀ ਨੇ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਪੂਰੀ ਤਰ੍ਹਾਂ ਦਰਾਮਦਾਂ 'ਤੇ ਨਿਰਭਰ ਕਰ ਦਿੱਤਾ ਸੀ। ਉਸ ਸਮੇਂ ਭਾਰਤ ਸਰਕਾਰ ਨੂੰ ਅਮਰੀਕਾ ਤੋਂ ਦਾਨ ਕੀਤੀ ਕਣਕ ਲੈਣ ਲਈ ਮਜਬੂਰ ਹੋਣਾ ਪਿਆ। ਅਜਿਹੀ ਨਾਜ਼ੁਕ ਸਥਿਤੀ ਵਿਚ ਦੇਸ਼ ਨੇ 1965-75 ਦੌਰਾਨ ਅੰਤਰਰਾਸ਼ਟਰੀ ਖੇਤੀ ਸੰਸਥਾਵਾਂ ਤੋਂ ਉੱਨਤ ਖੇਤੀ ਤਕਨੀਕਾਂ (ਕਣਕ-ਚਾਵਲ ਦੀਆਂ ਕਿਸਮਾਂ ਅਤੇ ਰਸਾਇਣਕ ਖਾਦਾਂ ਆਦਿ) ਦੀ ਦਰਾਮਦ ਕਰਕੇ ਭਾਰਤ ਵਿਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਜਿਸ ਕਾਰਨ ਖੇਤੀ ਉਤਪਾਦਨ ਵਿਚ ਕਈ ਗੁਣਾ ਵਾਧਾ ਹੋਇਆ ਅਤੇ ਦੇਸ਼ ਖੁਰਾਕ ਵਿਚ ਆਤਮਨਿਰਭਰ ਹੋ ਗਿਆ ਅਤੇ ਪਿਛਲੇ 5 ਦਹਾਕਿਆਂ ਤੋਂ ਰਾਸ਼ਟਰੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕਿਆ।

ਰਾਸ਼ਟਰੀ ਖੁਰਾਕ ਸੁਰੱਖਿਆ ਨੂੰ ਸਥਾਈ ਕਹਿਣਾ ਅਜੇ ਵੀ ਬਹੁਤ ਜਲਦਬਾਜ਼ੀ ਹੋਵੇਗੀ ਕਿਉਂਕਿ 2023-24 ਵਿਚ ਰਿਕਾਰਡ 332 ਮਿਲੀਅਨ ਮੀਟ੍ਰਿਕ ਟਨ ਅਨਾਜ ਉਤਪਾਦਨ ਅਤੇ ਕਣਕ ਦੇ ਨਿਰਯਾਤ 'ਤੇ ਪਾਬੰਦੀ ਵਰਗੇ ਸਾਰੇ ਯਤਨਾਂ ਦੇ ਬਾਵਜੂਦ, ਸਰਕਾਰੀ ਕਣਕ ਦੀ ਖਰੀਦ ਦੇ ਟੀਚੇ 37 ਮਿਲੀਅਨ ਮੀਟ੍ਰਿਕ ਟਨ ਦੇ ਮੁਕਾਬਲੇ, ਸਿਰਫ 26.6 ਮਿਲੀਅਨ ਟਨ ਹੀ ਖਰੀਦਿਆ ਜਾ ਸਕਦਾ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਕਣਕ ਦੀ ਪੈਦਾਵਾਰ ਦੇਸ਼ ਦੀ ਸਾਲਾਨਾ ਮੰਗ ਦੇ ਲਗਭਗ ਬਰਾਬਰ ਹੈ। ਦੇਸ਼ ਅਜੇ ਤੇਲ ਬੀਜਾਂ ਅਤੇ ਦਾਲਾਂ ਵਿਚ ਆਤਮਨਿਰਭਰ ਨਹੀਂ ਹੋਇਆ ਹੈ। ਭਾਰਤ ਨੇ ਘਰੇਲੂ ਸਪਲਾਈ ਨੂੰ ਯਕੀਨੀ ਬਣਾਉਣ ਲਈ 2022-23 ਵਿਚ 1,38,424 ਕਰੋੜ ਰੁਪਏ ਅਤੇ 2023-24 ਵਿਚ 1,31,967 ਕਰੋੜ ਰੁਪਏ ਦੇ ਖਾਣ ਵਾਲੇ ਤੇਲ ਦੀ ਦਰਾਮਦ ਕੀਤੀ।

ਡਿਊਟੀ ਮੁਕਤ ਸਸਤੇ ਪਾਮ ਖਾਣ ਵਾਲੇ ਤੇਲ ਦੀ ਵੱਡੀ ਦਰਾਮਦ ਕਾਰਨ ਦੇਸ਼ ਵਿਚ ਚਲ ਰਹੇ ਤੇਲ ਬੀਜ ਮਿਸ਼ਨ ਨੂੰ ਡੂੰਘੀ ਸੱਟ ਵੱਜੀ ਹੈ ਅਤੇ ਸਾਰੀਆਂ ਤੇਲ ਬੀਜ ਫਸਲਾਂ ਖੁੱਲ੍ਹੇ ਬਾਜ਼ਾਰ ਵਿਚ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਵੇਚੀਆਂ ਜਾ ਰਹੀਆਂ ਹਨ। ਜਿਸ ਕਾਰਨ ਤੇਲ ਬੀਜ ਉਤਪਾਦਕ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਦੇ ਬਾਵਜੂਦ ਕੰਪਨੀਆਂ ਦੀ ਮੁਨਾਫਾਖੋਰੀ ਕਾਰਨ ਖਪਤਕਾਰਾਂ ਲਈ ਖਾਣ ਵਾਲੇ ਤੇਲ ਦੀਆਂ ਕੀਮਤਾਂ ਵਿਚ ਕੋਈ ਖਾਸ ਕਮੀ ਨਹੀਂ ਆਈ। ਇਸ ਲਈ ਕਿਸਾਨਾਂ ਅਤੇ ਖਪਤਕਾਰਾਂ ਨੂੰ ਕਾਰਪੋਰੇਟ ਫਾਰਮਿੰਗ ਅਤੇ ਖੇਤੀ ਮੰਡੀਕਰਨ ਤੋਂ ਸਸਤੇ ਭਾਅ 'ਤੇ ਖੁਰਾਕੀ ਵਸਤਾਂ ਮਿਲਣ ਦੀ ਉਮੀਦ ਰੱਖਣਾ ਬੇਬੁਨਿਆਦ ਅਤੇ ਝੂਠਾ ਦਾਅਵਾ ਹੈ। ਕਿਉਂਕਿ ਕੰਪਨੀਆਂ ਦਾ ਮੁੱਖ ਉਦੇਸ਼ ਆਪਣੇ ਮੁਨਾਫੇ ਨੂੰ ਲਗਾਤਾਰ ਵਧਾਉਣਾ ਹੈ।

ਦੇਸ਼ ਵਿਚ ਕੀਤੇ ਗਏ ਵੱਖ-ਵੱਖ ਸਰਵੇਖਣਾਂ ਅਨੁਸਾਰ ਖੇਤੀ ਮੰਡੀਕਰਨ ਵਿਚ ਕੰਪਨੀਆਂ ਅਤੇ ਵਿਚੋਲਿਆਂ ਦੀ ਖਪਤਕਾਰਾਂ ਵੱਲੋਂ ਖੇਤੀ ਵਸਤਾਂ ਦੀ ਖਰੀਦ ਕੀਮਤ ਵਿਚ 60-70 ਫੀਸਦੀ ਹਿੱਸੇਦਾਰੀ ਹੁੰਦੀ ਹੈ ਅਤੇ ਫਸਲ ਪੈਦਾ ਕਰਨ ਵਾਲੇ ਕਿਸਾਨ ਨੂੰ ਮੁੱਲ ਦਾ ਸਿਰਫ ਇਕ ਤਿਹਾਈ ਹਿੱਸਾ ਮਿਲਦਾ ਹੈ, ਜਿਸ ਦਾ ਮਤਲਬ ਹੈ ਕਿ ਕਾਰਪੋਰੇਟ ਕੰਪਨੀਆਂ ਖਪਤਕਾਰਾਂ ਅਤੇ ਕਿਸਾਨਾਂ ਦੋਵਾਂ ਦੀ ਲੁੱਟ ਕਰ ਰਹੀਆਂ ਹਨ। ਇਫਕੋ ਵਰਗੀਆਂ ਸਹਿਕਾਰੀ ਕੰਪਨੀਆਂ ਧੋਖੇ ਨਾਲ ਕਿਸਾਨਾਂ ਨੂੰ 500 ਮਿਲੀਲੀਟਰ ਨੈਨੋ ਯੂਰੀਆ (4%) ਦੀ ਇਕ ਬੋਤਲ 250 ਰੁਪਏ ਵਿਚ ਵੇਚ ਰਹੀਆਂ ਹਨ। ਇਹਦੇ ਛਿੜਕਾਅ ਕਰਨ ਨਾਲ 460 ਗ੍ਰਾਮ ਨਾਈਟ੍ਰੋਜਨ ਮਿਲਦੀ ਹੈ। ਇਸ ਦੇ ਬਾਵਜੂਦ ਸਮੁੱਚਾ ਸਰਕਾਰੀ ਤੰਤਰ ਵਿਗਿਆਨਕ ਤੌਰ 'ਤੇ ਬੇਕਾਰ ਨੈਨੋ ਯੂਰੀਆ ਨੂੰ ਉਤਸ਼ਾਹਿਤ ਕਰਨ 'ਤੇ ਲੱਗਾ ਹੋਇਆ ਹੈ, ਜੋ ਕਿ ਖੇਤੀਬਾੜੀ ਸਬੰਧੀ ਸਰਕਾਰ ਦੀ ਗਲਤ ਨੀਤੀ ਦਾ ਹੀ ਲੱਛਣ ਹੈ।

ਕਾਰਪੋਰੇਟ ਖੇਤੀ ਰਾਹੀਂ ਦੇਸ਼ ਵਿਚ ਖੇਤੀ ਉਤਪਾਦਨ ਵਧਾਉਣ ਦੇ ਦਾਅਵੇ ਪੂਰੀ ਤਰ੍ਹਾਂ ਬੇਬੁਨਿਆਦ ਹਨ ਕਿਉਂਕਿ ਕਾਰਪੋਰੇਟ ਕੰਪਨੀਆਂ ਕਪਾਹ, ਮੱਕੀ, ਚਾਹ ਆਦਿ ਵਰਗੀਆਂ ਮੁਨਾਫੇ ਵਾਲੀਆਂ ਸਨਅਤੀ ਫਸਲਾਂ ਨੂੰ ਉਤਸ਼ਾਹਿਤ ਕਰਨਗੀਆਂ। ਕਾਰਪੋਰੇਟ ਕੰਪਨੀਆਂ ਕਦੇ ਵੀ ਘੱਟ-ਮੁਨਾਫਾ ਦੇਣ ਵਾਲੀ ਜੀਵਨ-ਰੱਖਿਅਕ ਅਨਾਜ ਦੀਆਂ ਫਸਲਾਂ (ਕਣਕ, ਝੋਨਾ, ਜੁਆਰ, ਬਾਜਰਾ, ਮੂੰਗੀ, ਦਾਲਾਂ, ਛੋਲੇ ਆਦਿ) ਦੀ ਕਾਸ਼ਤ ਨੂੰ ਉਤਸ਼ਾਹਿਤ ਨਹੀਂ ਕਰਨਗੀਆਂ। ਜਿਸ ਕਾਰਨ ਦੇਸ਼ ਵਿਚ ਅਨਾਜ ਫਸਲਾਂ ਦੇ ਉਤਪਾਦਨ ਵਿਚ ਭਾਰੀ ਕਮੀ ਆਉਣ ਦੀ ਸੰਭਾਵਨਾ ਹੈ, ਜਿਸ ਨਾਲ ਰਾਸ਼ਟਰੀ ਖੁਰਾਕ ਸੁਰੱਖਿਆ ਲਈ ਖਤਰਾ ਪੈਦਾ ਹੋ ਸਕਦਾ ਹੈ। ਬੰਗਾਲ ਦਾ ਅਕਾਲ ਵੀ ਇਨ੍ਹਾਂ ਹੀ ਕਾਰਨਾਂ ਕਰਕੇ ਪਿਆ, ਜਿਸ ਵਿਚ ਕੰਪਨੀ ਨੇ ਵਧੇਰੇ ਮੁਨਾਫੇ ਦੇ ਲਾਲਚ ਵਿਚ ਕਿਸਾਨਾਂ ਨੂੰ ਝੋਨੇ ਦੀ ਖੇਤੀ ਦੀ ਬਜਾਏ ਉਦਯੋਗਿਕ ਫਸਲ ਨੀਲ ਦੀ ਖੇਤੀ ਕਰਨ ਲਈ ਪ੍ਰੇਰਿਆ। ਇੰਨਾ ਹੀ ਨਹੀਂ ਕਾਰਪੋਰੇਟ ਕੰਪਨੀਆਂ ਜੀ. ਐੱਮ ਅਤੇ ਹਾਈਬ੍ਰਿਡ ਬੀਜ ਤਕਨੀਕ ਰਾਹੀਂ ਬੀਜ ਮੰਡੀ 'ਤੇ ਏਕਾਧਿਕਾਰ ਕਰਕੇ ਇਹ ਮਹਿੰਗੇ ਹਾਈਬ੍ਰਿਡ ਬੀਜ ਵੇਚ ਕੇ ਕਿਸਾਨਾਂ ਦਾ ਸ਼ੋਸ਼ਣ ਕਰੇਗਾ ਅਤੇ ਦੇਸ਼ ਕੀ ਕੀਮਤੀ ਜੈਵਿਕ ਵਿਭਿੰਨਤਾ ਲਈ ਵੀ ਖਤਰਾ ਬਣ ਜਾਵੇਗਾ।

ਇਸ ਲਈ ਸਰਕਾਰ ਨੂੰ ਕਾਰਪੋਰੇਟ ਖੇਤੀ ਵਰਗੇ ਅਮਰੀਕੀ ਵੈਸ਼ਵੀਕਰਨ ਮਾਡਲ ਨੂੰ ਤਿਆਗ ਕੇ ਸਮਰਥਨ ਮੁੱਲ ਗਾਰੰਟੀ ਕਾਨੂੰਨ ਬਣਾ ਕੇ ਰਾਸ਼ਟਰੀ ਹਿੱਤ ਵਿਚ ਸਥਾਈ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਫਸਲਾਂ ਦੇ ਸੁਧਰੇ ਬੀਜ, ਬਿਹਤਰ ਸਿੰਚਾਈ ਸਹੂਲਤ ਅਤੇ ਖੇਤੀ ਉਪਜ ਦੀ ਮੰਡੀਕਰਨ ਮੰਡੀ ਪ੍ਰਣਾਲੀ ਆਦਿ ਵਰਗੇ ਖੇਤੀ ਸੁਧਾਰਾਂ ਨੂੰ ਲਾਗੂ ਕਰਨਾ ਚਾਹੀਦਾ ਹੈ। ਇਸ ਨਾਲ ਪੇਂਡੂ ਆਰਥਿਕਤਾ ਮਜ਼ਬੂਤ ਹੋਵੇਗੀ ਅਤੇ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਦੇਸ਼ ਖੁਸ਼ਹਾਲ ਹੋਵੇਗਾ।



# ਕਣਕ ਨੂੰ ਪੀਲਾ ਪੈਣ ਤੋਂ ਕਿਵੇਂ ਰੋਕੀਏ

ਰਜਿੰਦਰ ਸਿੰਘ ਬੱਲ, ਗਾਇਤ੍ਰੀ ਵਰਮਾ ਤੇ ਬਰੁਨ ਬਿਸ਼ਵਾਸ (ਮੋਬਾਇਲ : 78883-56773)

**ਕਣਕ ਦਾ ਪੀਲਾ ਪੈ ਜਾਣਾ ਵੀ ਬਹੁਤ ਵੱਡੀ ਸਮੱਸਿਆ ਹੈ। ਕਈ ਵਾਰੀ ਉੱਗਣ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਕਣਕ ਦੀ ਫਸਲ ਪੀਲੀ ਪੈ ਜਾਂਦੀ ਹੈ। ਕਣਕ ਦੇ ਪੀਲੇ ਪੈਣ ਦੇ ਕਈ ਕਾਰਨ ਹੋ ਸਕਦੇ ਹਨ। ਖਰਾਬ ਮੌਸਮ ਜਾਂ ਜ਼ਿਆਦਾ ਪਾਣੀ ਲੱਗਣ ਨਾਲ ਜਾਂ ਕਿਸੇ ਤੱਤ ਦੀ ਘਾਟ ਕਰ ਕੇ ਕਣਕ ਦੇ ਬੂਟੇ ਦਾ ਰੰਗ ਪੀਲਾ ਪੈ ਸਕਦਾ ਹੈ। ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਕੀੜਿਆਂ ਦੇ ਹਮਲੇ ਨਾਲ ਵੀ ਕਣਕ ਦੀ ਫਸਲ ਪੀਲੀ ਹੋ ਸਕਦੀ ਹੈ।**

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ

ਪੰਜਾਬ ਵਿਚ ਹਾੜ੍ਹੀ ਦੌਰਾਨ ਬੀਜੀ ਜਾਣ ਵਾਲੀ ਮੁੱਖ ਫਸਲ ਦਾ ਚੰਗਾ ਝਾੜ ਲੈਣ ਲਈ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਆਉਂਦੀਆਂ ਹਨ। ਕਣਕ ਦਾ ਪੀਲਾ ਪੈ ਜਾਣਾ ਵੀ ਬਹੁਤ ਵੱਡੀ ਸਮੱਸਿਆ ਹੈ। ਕਈ ਵਾਰ ਉੱਗਣ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਕਣਕ ਦੀ ਫਸਲ ਪੀਲੀ ਪੈ ਜਾਂਦੀ ਹੈ। ਕਣਕ ਦੇ ਪੀਲੇ ਪੈਣ ਦੇ ਕਈ ਕਾਰਨ ਹੋ ਸਕਦੇ ਹਨ। ਕਣਕ ਦੇ ਜਿਹੜੇ ਖੇਤਾਂ ਵਿਚ ਸਿਉਂਕ ਦਾ ਹਮਲਾ ਹੁੰਦਾ ਹੋਵੇ ਉੱਥੇ ਇਸ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਹੀ ਕੀਟ ਨਾਸ਼ਕਾਂ ਨਾਲ ਬੀਜ ਦੀ ਸੋਧ ਕਰਨੀ ਚਾਹੀਦੀ ਹੈ। ਬੀਜ ਸੋਧ ਕਰਨ ਲਈ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ 1 ਗ੍ਰਾਮ ਕਰੂਜ਼ਰ 70 ਡਬਲਯੂ ਐਸ (ਥਾਇਆਮੀਥੋਕਸਮ) ਜਾਂ 4 ਮਿਲੀਲਿਟਰ ਡਰਸਬਾਨ / ਰੂਬਾਨ / ਡਰਮੈਟ 20 ਈ ਸੀ (ਕਲੋਰੋਪਾਈਰੀਫਾਸ) ਜਾਂ 2 ਮਿਲੀਲਿਟਰ ਨਿਊਨਿਕਸ 20 ਐਫ ਐਸ (ਇਮੀਡਾਕਲੋਪਰਿਡ + ਹੈਕਸਾਕੋਨਾਜ਼ੋਲ) ਦੀ ਵਰਤੋਂ ਕਰੋ। ਪਾਣੀ ਲਾਉਣ ਤੋਂ ਪਹਿਲਾਂ ਇਕ ਏਕੜ ਲਈ 7 ਕਿਲੋ ਮੋਰਟਨ 0.3 ਜੀ (ਫਿਪਰੋਨਿਲ) ਦਾ ਛੱਟਾ ਦਿਓ ਜਾਂ ਫਿਰ 1.2 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਗਿਲੀ ਰੇਤ ਵਿਚ ਮਿਲਾ ਕੇ ਖੇਤ ਵਿਚ ਕਿਸਾਨਾਂ ਨੂੰ ਛੱਟਾ ਦੇਣਾ ਚਾਹੀਦਾ ਹੈ।

### ਗੁਲਾਬੀ ਸੁੰਡੀ ਦਾ ਫਸਲ 'ਤੇ ਹਮਲਾ

ਗੁਲਾਬੀ ਸੁੰਡੀ ਛੋਟੀ ਫਸਲ 'ਤੇ ਹਮਲਾ ਕਰਦੀ ਹੈ। ਇਸ ਦੀਆਂ ਸੁੰਡੀਆਂ ਬੂਟਿਆਂ ਦੇ ਤਣਿਆਂ ਵਿਚ ਮੋਰੀਆਂ ਕਰ ਕੇ ਅੰਦਰ ਚਲੀਆਂ ਜਾਂਦੀਆਂ ਹਨ ਅਤੇ ਅੰਦਰਲਾ ਮਾਦਾ ਖਾ ਜਾਂਦੀਆਂ ਹਨ। ਗੁਲਾਬੀ ਸੁੰਡੀ ਦੇ ਹਮਲੇ ਤੋਂ ਬਾਅਦ ਕਣਕ ਦੇ ਬੂਟੇ ਪੀਲੇ ਪੈ ਜਾਂਦੇ ਹਨ। ਅਜਿਹੇ ਬੂਟਿਆਂ ਵਿਚ ਸੁੰਡੀਆਂ ਸੌਖੀਆਂ ਹੀ ਵੇਖੀਆਂ ਜਾ ਸਕਦੀਆਂ ਹਨ। ਫਿਰ ਇਹ ਬੂਟੇ ਸੁੱਕ ਜਾਂਦੇ ਹਨ ਅਤੇ ਮਰ ਜਾਂਦੇ ਹਨ। ਕਣਕ ਦੀ ਫਸਲ ਨੂੰ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਜੇਕਰ ਪਿਛਲੀ ਝੋਨੇ ਦੀ ਫਸਲ ਵਿਚ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਅਜਿਹੇ ਖੇਤਾਂ ਵਿਚ ਅਕਤੂਬਰ ਦੇ ਮਹੀਨੇ ਦੌਰਾਨ ਕਣਕ ਨਾ ਬੀਜੋ।

ਕਣਕ ਨੂੰ ਪਾਣੀ ਦਿਨ ਵੇਲੇ ਲਾਉਣ ਨੂੰ ਤਰਜੀਹ ਦੇਵੋ ਤਾਂ ਕਿ ਪੰਛੀ ਵੱਧ ਤੋਂ ਵੱਧ ਇਨ੍ਹਾਂ ਸੁੰਡੀਆਂ ਨੂੰ ਖਾ ਸਕਣ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਪਾਣੀ ਲਾਉਣ ਤੋਂ ਪਹਿਲਾਂ ਇਕ ਏਕੜ ਲਈ 7 ਕਿਲੋ ਮੋਰਟਲ/ਰੀਜੈਂਟ 0.3 ਜੀ (ਫਿਪਰੋਨਿਲ) ਦਾ ਛੱਟਾ ਦਿਓ ਜਾਂ 1.0 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਸਲ੍ਹਾਬੀ ਰੇਤ ਵਿਚ ਮਿਲਾ ਕੇ ਛੱਟਾ ਦਿਓ। ਗੁਲਾਬੀ ਸੁੰਡੀ ਦੀ ਰੋਕਥਾਮ 50 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਪ੍ਰਤੀ ਏਕੜ ਦਾ ਛਿੜਕਾਅ ਕਰਕੇ ਵੀ ਕੀਤੀ ਜਾ ਸਕਦੀ ਹੈ। ਛਿੜਕਾਅ ਕਰਨ ਲਈ 80-100 ਲਿਟਰ ਪਾਣੀ ਅਤੇ ਨੈਪਸੈਕ ਪੰਪ ਦੀ ਵਰਤੋਂ ਕਰੋ।

### ਨੀਮਾਟੋਡ ਦੇ ਹਮਲੇ ਨਾਲ ਕਣਕ ਦਾ ਪੀਲਾ ਪੈਣਾ

ਕਣਕ ਦੀ ਫਸਲ ਨੀਮਾਟੋਡ ਦੇ ਹਮਲੇ ਕਰਕੇ ਵੀ ਪੀਲੀ ਪੈ ਜਾਂਦੀ ਹੈ। ਪਰ ਨੀਮਾਟੋਡ ਦਾ ਹਮਲਾ ਧੌੜੀਆਂ ਵਿਚ ਹੁੰਦਾ ਹੈ। ਹਮਲੇ ਵਾਲੇ ਬੂਟੇ ਪੀਲੇ ਰੰਗ ਦੇ ਛੋਟੇ ਰਹਿ ਜਾਂਦੇ ਹਨ। ਸ਼ਾਖਾਂ ਵੀ ਘੱਟ ਨਿਕਲਦੀਆਂ ਹਨ। ਬੂਟਿਆਂ ਦੀਆਂ ਜੜ੍ਹਾਂ ਉੱਤੇ ਗੰਢਾਂ ਬਣ ਜਾਂਦੀਆਂ ਹਨ। ਬੂਟਿਆਂ ਨੂੰ ਸਿੱਟੇ ਘੱਟ ਨਿਕਲਦੇਹਨ ਅਤੇ ਦਾਣੇ ਵੀ ਚੰਗੀ ਤਰ੍ਹਾਂ ਨਹੀਂ ਬਣਦੇ। ਇਸ ਤੇ ਹਮਲੇ ਤੋਂ ਫਸਲ ਨੂੰ ਬਚਾਉਣ ਲਈ ਜਿਹੜੇ ਖੇਤਾਂ ਵਿਚ ਨੀਮਾਟੋਡ ਦਾ ਹਮਲਾ ਹੁੰਦਾ ਹੋਵੇ, ਅਜਿਹੇ ਖੇਤਾਂ ਦੀ ਮਿਟੀ ਨੂੰ ਮਈ-ਜੂਨ ਮਹੀਨੇ ਦੌਰਾਨ ਚੰਗੀ ਤਰ੍ਹਾਂ ਵਾਹ ਕੇ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ। ਜ਼ਿਆਦਾ ਹਮਲੇ ਦੀ ਸੂਰਤ ਵਿਚ ਕਣਕ ਦੀ ਬਜਾਏ ਗੈਰ-ਅਨਾਜੀ ਫਸਲਾਂ ਬੀਜੋ। ਕਣਕ ਦੀ ਬਿਜਾਈ ਵੇਲੇ 13 ਕਿਲੋ ਫਿਊਰਾਡਾਨ 3 ਜੀ ਪ੍ਰਤੀ ਏਕੜ ਦੇ ਹਿਸਾਬ ਪਾ ਦੇਣੀ ਚਾਹੀਦੀ ਹੈ।

### ਪੀਲੀ ਕੁੰਗੀ ਦੇ ਹਮਲੇ ਕਾਰਨ ਪੀਲਾ ਪੈਣਾ

ਪੀਲੀ ਕੁੰਗੀ ਨਾਂ ਦੀ ਬਿਮਾਰੀ ਨਾਲ ਵੀ ਕਣਕ ਦੀ ਫਸਲ ਪੀਲੀ ਨਜ਼ਰ ਆਉਂਦੀ ਹੈ। ਇਹ ਬਿਮਾਰੀ ਇਕ ਕਿਸਮ ਦੀ ਉੱਲ੍ਹੀ ਕਰਕੇ ਲੱਗਦੀ ਹੈ। ਇਸ ਦੇ ਹਮਲੇ ਕਰਦੇ ਪੱਤਿਆਂ ਉੱਤੇ ਪੀਲੇ ਰੰਗ ਦੇ ਧੂੜੇਦਾਰ ਧੱਬੇ ਲੰਮੀਆਂ ਧਾਰੀਆਂ ਦੇ ਰੂਪ ਵਿਚ ਦਿਖਾਈ ਦਿੰਦੇ ਹਨ। ਜੇਕਰ ਹਮਲੇ ਵਾਲੇ ਪੱਤਿਆਂ ਨੂੰ ਛੂਹਿਆ ਜਾਵੇ ਤਾਂ ਹੱਥਾਂ ਨੂੰ ਪੀਲਾ ਪਾਊਡਰ ਲੱਗ ਜਾਂਦਾ ਹੈ। ਪਹਿਲਾਂ ਇਹ ਬਿਮਾਰੀ ਨੀਮ ਪਹਾੜੀ ਇਲਾਕਿਆਂ ਵਿਚ ਧੌੜੀਆਂ ਵਿਚ ਸ਼ੁਰੂ ਹੁੰਦੀ ਹੈ। ਫਿਰ ਤੇਜ਼ ਹਵਾਵਾਂ ਨਾਲ ਪੈਣ ਵਾਲੇ ਮੀਂਹ ਕਰਕੇ ਬਿਮਾਰੀ ਦੇ ਕਣ ਰੋਗੀ ਬੂਟਿਆਂ ਤੋਂ ਸਾਰੇ ਖੇਤ ਵਿਚ ਅਤੇ ਛੇਤੀ ਹੀ ਹੋਰ ਇਲਾਕਿਆਂ ਵਿਚ ਫੈਲ ਜਾਂਦੇ ਹਨ।

ਪੀਲੀ ਕੁੰਗੀ ਦੀ ਰੋਕਥਾਮ ਕਰਨ ਲਈ ਸਾਨੂੰ ਸੰਯੁਕਤ ਬਿਮਾਰੀ ਪ੍ਰਬੰਧ ਅਪਣਾਉਣਾ ਪਵੇਗਾ। ਨੀਮ ਪਹਾੜੀ ਇਲਾਕਿਆਂ ਦੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਕਣਕ ਦੀ ਅਗੇਤੀ ਬਿਜਾਈ ਨਾ ਕਰਨ। ਪੀ. ਏ. ਯੂ. ਦੁਆਰਾ ਸਿਫਾਰਿਸ਼ ਕੀਤੀਆਂ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀਆਂ ਕਣਕ ਦੀਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ। ਗੈਰ-ਸਿਫਾਰਸ਼ੀ ਜਾਂ ਪੀਲੀ ਕੁੰਗੀ ਦਾ ਟਾਕਰਾ ਨਾ ਕਰਨ ਵਾਲੀਆਂ ਕਿਸਮਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਦਸੰਬਰ ਦੇ ਅੱਧ ਤੋਂ ਸ਼ੁਰੂ ਕਰਕੇ ਸਾਨੂੰ ਫਸਲ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਜਦੋਂ ਵੀ ਰੋਗ ਦੀਆਂ ਨਿਸ਼ਾਨੀਆਂ ਦਿਖਾਈ ਦੇਣ ਤਾਂ 200 ਗ੍ਰਾਮ ਕੈਵੀਅਟ 25 ਡਬਲਯੂ ਜੀ ਜਾਂ 120 ਮਿਲੀਲਿਟਰ ਅੰਮਪੈਕਟ ਐਕਸਟਰਾ 25.5 ਐਸ ਸੀ ਜਾਂ 200 ਮਿਲੀਲਿਟਰ ਓਪੇਰਾ 18.3 ਐਸ ਈ ਜਾਂ 200 ਮਿਲੀਲਿਟਰ ਕਸਟੋਡੀਆਂ 320 ਐਸ ਸੀ ਜਾਂ 200 ਮਿਲੀਲਿਟਰ ਟਿਲਟ 25 ਈਸੀ ਨੂੰ 200 ਲਿਟਰ ਪਾਣੀ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ। ਲੋੜ ਪੈਣ 'ਤੇ ਇਕ ਛਿੜਕਾਅ ਦੁਬਾਰਾ ਵੀ ਕੀਤਾ ਜਾ ਸਕਦਾ ਹੈ।

# ਨਰਮੇ ਦੀਆਂ ਛਟੀਆਂ ਦਾ ਸੁਚੱਜਾ ਉਪਯੋਗ ਬਾਲਣ ਜਾਂ ਜੈਵਿਕ ਮਾਦਾ

**ਨਰਮੇ ਦੀ ਚੁਗਾਈ ਤੋਂ ਬਾਅਦ, ਬਹੁਤ ਸਾਰੇ ਕਿਸਾਨ ਨਰਮੇ ਦੀਆਂ ਛਟੀਆਂ ਨੂੰ ਬਾਲਣ ਵਜੋਂ ਵਰਤਦੇ ਹਨ। ਪਰ ਇਸ ਨਾਲ ਦੋ ਨੁਕਸਾਨ ਹਨ। ਪਹਿਲਾ, ਇਹ ਮਿੱਟੀ ਵਿੱਚੋਂ ਪੌਸ਼ਟਿਕ ਤੱਤਾਂ ਨੂੰ ਖਤਮ ਕਰਦਾ ਹੈ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ। ਦੂਜਾ, ਇਹ ਛਟੀਆਂ ਤੇ ਲੱਗੇ ਅਣ ਖਿੜੇ ਟਿੰਡੇ ਗੁਲਾਬੀ ਸੁੰਡੀ ਦੇ ਲਾਰਵੇ ਨੂੰ ਪਨਾਹ ਦਿੰਦੇ ਹਨ, ਜੋ ਅਗਲੀ ਫਸਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਲਈ, ਨਰਮੇ ਦੀਆਂ ਛਟੀਆਂ ਨੂੰ ਮਿੱਟੀ ਵਿਚ ਮਿਲਾਉਣਾ ਬਿਹਤਰ ਹੈ।**

**ਨਰਮੇ ਦੀ ਛਟੀਆਂ ਦਾ ਵਿਚ ਖੁਰਾਕੀ ਮਹੱਤਵ :**

ਨਰਮੇ ਦੀਆਂ ਛਟੀਆਂ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ। ਇਨ੍ਹਾਂ ਵਿਚ ਨਾਈਟ੍ਰੋਜਨ, ਪੋਟਾਸ਼ੀਅਮ, ਕੈਲਸ਼ੀਅਮ, ਗੰਧਕ, ਮੈਗਨੀਸ਼ੀਅਮ, ਲੋਹਾ, ਜ਼ਿੰਕ, ਆਦਿ ਪਾਏ ਜਾਂਦੇ ਹਨ। ਇਹ ਪੌਸ਼ਟਿਕ ਤੱਤ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ ਅਤੇ ਫਸਲਾਂ ਨੂੰ ਵਧਣ-ਫੁੱਲਣ ਲਈ ਜ਼ਰੂਰੀ ਖੁਰਾਕ ਪ੍ਰਦਾਨ ਕਰਦੇ ਹਨ। ਇਨ੍ਹਾਂ ਛਟੀਆਂ ਨੂੰ ਸਾੜਨ ਦੀ ਬਜਾਏ, ਜੇਕਰ ਅਸੀਂ ਇਨ੍ਹਾਂ ਨੂੰ ਮਿੱਟੀ ਵਿਚ ਮਿਲਾ ਦੇਈਏ, ਤਾਂ ਇਹ ਸਾਡੀ ਜ਼ਮੀਨ ਲਈ ਕੁਦਰਤੀ ਖਾਦ ਦਾ ਕੰਮ ਕਰਨਗੇ।

**ਛਟੀਆਂ ਨੂੰ ਮਿੱਟੀ ਵਿਚ ਮਿਲਾਉਣ ਦੇ ਫਾਇਦੇ :**

**ਮਿੱਟੀ ਦੀ ਸਿਹਤ ਵਿਚ ਸੁਧਾਰ** : ਨਰਮੇ ਦੀਆਂ ਛਟੀਆਂ ਖੇਤ ਵਿਚ ਮਿਲਾਉਣ ਨਾਲ ਮਿੱਟੀ ਵਿਚ ਜੈਵਿਕ ਪਦਾਰਥ ਵਧਦਾ ਹੈ। ਇਨ੍ਹਾਂ ਨਾਲ ਮਿੱਟੀ ਦੀ ਬਣਤਰ ਵਿਚ ਸੁਧਾਰ ਹੁੰਦਾ ਹੈ, ਪਾਣੀ ਨੂੰ ਸੰਭਾਲਣ ਦੀ ਸਮਰੱਥਾ ਵਿਚ ਵਾਧਾ ਹੁੰਦਾ ਹੈ, ਅਤੇ ਹਵਾ ਦਾ ਸੰਚਾਰ ਵਧਦਾ ਹੈ, ਪੌਦਿਆਂ ਦੇ ਵਿਕਾਸ ਲਈ ਇਕ ਅਨੁਕੂਲ ਵਾਤਾਵਰਣ ਪੈਦਾ ਹੁੰਦਾ ਹੈ, ਹਵਾ ਦਾ ਸੰਚਾਰ ਵਧਦਾ ਹੈ, ਪੌਦਿਆਂ ਦੇ ਵਿਕਾਸ ਲਈ ਇੱਕ ਅਨੁਕੂਲ ਵਾਤਾਵਰਣ ਪੈਦਾ ਹੁੰਦਾ ਹੈ। ਇਸ ਨਾਲ ਜ਼ਮੀਨ ਦੀ ਸਿਹਤ ਵਿਚ ਸੁਧਾਰ ਅਤੇ ਫਸਲਾਂ ਦਾ ਝਾੜ ਵੀ ਵਧਦਾ ਹੈ।

**ਖਾਦ ਦੀ ਲੋੜ ਘੱਟ** : ਛਟੀਆਂ ਵਿਚ ਮੌਜੂਦ ਖੁਰਾਕੀ ਤੱਤਾਂ ਕਾਰਨ ਖਾਦ ਦੀ ਲੋੜ ਘੱਟ ਜਾਂਦੀ ਹੈ। ਇਸ ਨਾਲ ਕਿਸਾਨਾਂ ਦਾ ਖਰਚਾ ਘੱਟਦਾ ਹੈ ਅਤੇ ਵਾਤਾਵਰਣ ਨੂੰ ਵੀ ਫਾਇਦਾ ਹੁੰਦਾ ਹੈ।

**ਕੀਟ ਪ੍ਰਬੰਧਨ** : ਛਟੀਆਂ ਨੂੰ ਮਿੱਟੀ ਵਿਚ ਮਿਲਾਉਣ ਨਾਲ ਗੁਲਾਬੀ ਸੁੰਡੀ ਦੇ ਲਾਰਵੇ ਅਤੇ ਪਿਊਪੇ ਨਸ਼ਟ ਹੋ ਜਾਂਦੇ ਹਨ, ਜਿਸ ਨਾਲ ਅਗਲੀ ਫਸਲ ਨੂੰ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ।

**ਆਰਥਿਕ ਲਾਭ** : ਕਿਸਾਨਾਂ ਨੂੰ ਛਟੀਆਂ ਵੱਡ ਕੇ ਇਕੱਠਾ ਕਰਨ ਅਤੇ ਸਟੋਰ ਕਰਨ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਮਿਹਨਤ ਅਤੇ ਪੈਸੇ ਦੀ ਬਚਤ ਹੁੰਦੀ ਹੈ।

**ਵਾਤਾਵਰਣ ਸੁਰੱਖਿਆ** : ਛਟੀਆਂ ਨੂੰ ਸਾੜਨ ਨਾਲ ਹੋਣ ਵਾਲੇ ਪ੍ਰਦੂਸ਼ਣ ਤੋਂ ਬਚਿਆ ਜਾ ਸਕਦਾ ਹੈ, ਜੋ ਕਿ ਸਾਡੇ ਵਾਤਾਵਰਣ ਲਈ ਹਾਨੀਕਾਰਕ ਹੈ।

**ਨਰਮੇ ਦੀਆਂ ਛਟੀਆਂ ਨੂੰ ਮਿੱਟੀ ਵਿਚ ਮਿਲਾਉਣ ਦੇ ਤਰੀਕੇ :**

**ਕੱਟਣਾ** : ਨਰਮੇ ਦੀਆਂ ਛਟੀਆਂ ਨੂੰ ਸ਼ਰੈਡਰ ਦੀ ਵਰਤੋਂ ਕਰਕੇ ਛੋਟੇ ਟੁਕੜਿਆਂ ਵਿਚ ਕੱਟਿਆ ਜਾਂਦਾ ਹੈ ਅਤੇ ਖੇਤ ਵਿਚ ਬਰਾਬਰ ਫੈਲਾਇਆ ਜਾਂਦਾ ਹੈ। ਇਸ ਨਾਲ ਛਟੀਆਂ ਜਲਦੀ ਗਲ ਜਾਂਦੀਆਂ ਹਨ ਅਤੇ ਮਿੱਟੀ ਵਿਚ ਮਿਲ ਜਾਂਦੀਆਂ ਹਨ। ਫਿਰ ਛਟੀਆਂ ਦੇ ਛੋਟੇ ਟੁਕੜਿਆਂ ਨੂੰ ਹਲ ਵਾਹੁਣ ਵਰਗੇ ਰਵਾਇਤੀ ਅਭਿਆਸਾਂ ਰਾਹੀਂ ਮਿੱਟੀ ਵਿਚ ਆਸਾਨੀ ਨਾਲ ਮਿਲਾਇਆ ਜਾ ਸਕਦਾ ਹੈ। ਇਸ ਵਿਧੀ ਰਾਹੀਂ ਛਟੀਆਂ ਵਿਚਲੇ ਪੌਸ਼ਟਿਕ ਤੱਤ ਅਗਲੀ ਫਸਲ ਨੂੰ ਆਸਾਨੀ ਨਾਲ ਉਪਲਬਧ ਹੋ ਜਾਂਦੇ ਹਨ।

**ਸਿੱਧੀ ਵਾਹੀ** : ਛਟੀਆਂ ਨੂੰ ਟਰੈਕਟਰ ਨਾਲ ਸਿੱਧਾ ਜ਼ਮੀਨ ਵਿਚ ਵਾਹ ਦਿੱਤਾ ਜਾਂਦਾ ਹੈ। ਟਰੈਕਟਰ ਨਾਲ ਤਵੀਆਂ ਦੀ ਵਰਤੋਂ ਕਰਕੇ ਛਟੀਆਂ ਨੂੰ ਸਿੱਧੇ ਮਿੱਟੀ ਵਿਚ ਮਿਲਾਇਆ ਜਾ ਸਕਦਾ ਹੈ। ਇਹ ਇੱਕ ਸੌਖਾ ਅਤੇ ਸਸਤਾ ਤਰੀਕਾ ਹੈ। ਇਹ ਵਿਧੀ ਵਿਚ ਰੋਟਾਵੇਟਰ ਦੀ ਵਰਤੋਂ ਨਾਲ ਛਟੀਆਂ ਨੂੰ ਹੋਰ ਵੀ ਵਧੀਆ ਤਰੀਕੇ ਨਾਲ ਖੇਤ ਵਿਚ ਮਿਲਾਇਆ ਜਾ ਸਕਦਾ ਹੈ।

**ਸੁਪਰ ਸੀਡਰ** : ਨਰਮੇ ਦੀ ਆਖਰੀ ਚੁਗਾਈ ਕਰਨ ਤੋਂ ਪਹਿਲਾਂ ਖੇਤ ਨੂੰ ਪਾਣੀ ਲਗਾ ਕੇ ਕਣਕ ਲਈ ਰੌਣੀ ਕਰ ਦੇਣੀ ਚਾਹੀਦੀ ਹੈ। ਵੱਤਰ ਆਉਣ ਦੇ ਚੁਗਾਈ ਕਰਕੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਬਿਨਾ ਕਿਸੇ ਵਾਹੀ ਤੋਂ ਕੀਤੀ ਜਾ ਸਕਦੀ ਹੈ। ਇਸ ਨਾਲ ਮਿੱਟੀ ਦੀ ਨਮੀਂ ਬਣੀ ਰਹਿੰਦੀ ਹੈ ਅਤੇ ਜ਼ਮੀਨ ਦੀ ਸਿਹਤ ਵੀ ਸੁਧਰਦੀ ਹੈ।

**ਸੁਨਾਇਨਾ, ਜਗਦੀਸ਼ ਕੁਮਾਰ ਅਰੋੜਾ ਅਤੇ ਮਨਪ੍ਰੀਤ ਸਿੰਘ, ਖੇਤਰੀ ਖੋਜ ਕੇਂਦਰ, ਅਬੋਹਰ, ਮੋਬਾਇਲ : 94162-07410**

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 05
ਮਿਤੀ 01-02-2025

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**

# ਪੰਜਾਬ ਮੁਖੀ ਖੇਤੀ ਨੀਤੀ ਸਮੇਂ ਦੀ ਲੋੜ



**ਸੁੱਚਾ ਸਿੰਘ ਗਿੱਲ**
ਮੋ. 98550-82857

ਕੇਂਦਰ ਸਰਕਾਰ ਦੀ ਖੇਤੀ ਮੰਡੀਕਰਨ ਬਾਰੇ ਜਾਰੀ ਕੌਮੀ ਨੀਤੀ ਦੇ ਖਰੜੇ ਵਿਚ ਕਈ ਖਾਮੀਆਂ ਹਨ। ਹਿੱਤ ਧਾਰਕ ਦਾਅਵਾ ਕਰਦੇ ਹਨ ਕਿ ਇਹ ਰੱਦ ਕੀਤੇ ਤਿੰਨ ਖੇਤੀ ਕਾਨੂੰਨਾਂ ਵਰਗਾ ਹੈ। ਖਰੜੇ ਦੀ ਤਜਵੀਜ਼ ਉਦੋਂ ਰੱਖੀ ਗਈ ਜਦੋਂ ਸੁਪਰੀਮ ਕੋਰਟ ਪਹਿਲਾਂ ਹੀ ਕਿਸਾਨਾਂ ਨਾਲ ਜੁੜੇ ਮੁੱਦਿਆਂ 'ਤੇ ਕਮੇਟੀ ਬਣਾ ਚੁੱਕਾ ਹੈ। ਇਸ ਨੂੰ ਕਿਸਾਨ ਜਥੇਬੰਦੀਆਂ ਨੂੰ ਭੜਕਾਉਣ ਵਾਲੇ ਦਸਤਾਵੇਜ਼ ਵਜੋਂ ਦੇਖਿਆ ਜਾ ਰਿਹਾ ਹੈ। ਜ਼ਾਹਿਰਾ ਤੌਰ 'ਤੇ ਖਰੜਾ ਖੇਤੀ ਉਤਪਾਦਾਂ ਦੇ ਮੰਡੀਕਰਨ ਦੀਆਂ ਸਮੱਸਿਆਵਾਂ ਹੱਲ ਕਰਨ ਅਤੇ ਡਿਜੀਟਲੀਕਰਨ ਰਾਹੀਂ ਸੁਧਾਰ ਲਿਆਉਣ ਲਈ ਤਿਆਰ ਕੀਤਾ ਹੈ। ਇਸ ਦਾ ਮੰਤਵ ਮੰਡੀ ਢਾਂਚੇ, ਪ੍ਰਾਸੈਸਿੰਗ ਤੇ ਖੇਤੀ ਉਤਪਾਦਾਂ ਵਿਚ ਨਿਵੇਸ਼ ਨੂੰ ਹੁਲਾਰਾ ਦੇਣਾ ਵੀ ਹੈ।

ਖਰੜੇ ਦੀ ਛਾਣਬੀਣ ਕੀਤਿਆਂ ਦਿਸਦਾ ਹੈ ਕਿ ਇਸ ਵਿਚ ਖੇਤੀ ਸੰਕਟ ਬਾਰੇ ਸਮਝ ਦੀ ਘਾਟ ਹੈ। ਖਰੜੇ ਨੇ ਪ੍ਰਾਈਵੇਟ ਕੰਪਨੀਆਂ ਨਾਲ ਕਿਸਾਨਾਂ ਦੇ ਕੌੜੇ ਤਜਰਬਿਆਂ ਦਾ ਧਿਆਨ ਨਹੀਂ ਰੱਖਿਆ। ਇਸ 'ਚ ਪ੍ਰਾਈਵੇਟ ਖੇਤਰ ਦਾ ਪੱਖ ਪੂਰਨ ਦੀ ਝਲਕ ਹੈ ਜਿਸ 'ਚ ਇਸ ਨੂੰ ਖੇਤੀ ਵਪਾਰ, ਬਰਾਮਦ, ਭੰਡਾਰਨ ਤੇ ਖੇਤੀ ਪ੍ਰਾਸੈਸਿੰਗ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ।

ਖੇਤੀ ਅਤੇ ਇਸ ਨਾਲ ਸਬੰਧਿਤ ਗਤੀਵਿਧੀਆਂ ਨੂੰ ਸੰਵਿਧਾਨ ਦੀ ਰਾਜ ਸੂਚੀ (ਲਿਸਟ 2) ਵਿਚ ਰੱਖਿਆ ਗਿਆ ਹੈ ਕਿਉਂਕਿ ਇਹ ਮੁਕਾਮੀ ਭੂਗੋਲਿਕ ਹਾਲਤਾਂ ਅਤੇ ਹੋਰ ਪੱਖਾਂ ਉੱਤੇ ਨਿਰਭਰ ਕਰਦੀਆਂ ਹਨ। ਹਰੇਕ ਰਾਜ ਵਿਚ ਇਹ ਹਾਲਤਾਂ ਵੱਖ-ਵੱਖਰੀਆਂ ਹਨ ਅਤੇ ਰਾਜਾਂ ਦੇ ਅੰਦਰ ਵੀ ਵੱਖ-ਵੱਖ ਖੇਤਰਾਂ 'ਚ ਅਲੱਗ-ਅਲੱਗ ਹਨ। ਨੀਤੀ ਦੀ ਬਣਤਰ ਨੂੰ ਰਾਜਾਂ ਦੇ ਹਿਸਾਬ ਨਾਲ ਤੈਅ ਕਰਨ ਦੀ ਲੋੜ ਹੈ। ਇਸੇ ਕਰ ਕੇ ਕੇਂਦਰ ਸਰਕਾਰ ਦੀ ਫਸਲ ਬੀਮਾ ਨੀਤੀ ਨੇ ਹਰਿਆਣਾ ਵਿਚ ਕਿਸਾਨਾਂ ਦੀ ਮਦਦ ਨਹੀਂ ਕੀਤੀ। ਪੰਜਾਬ ਨੇ ਇਹ ਨੀਤੀ ਨਹੀਂ ਅਪਣਾਈ।

ਖਰੜੇ ਦੀ ਇਸ ਤਜਵੀਜ਼ ਦਾ ਮਾਮਲਾ ਵੀ ਇਹੀ ਹੈ ਇਹ ਪੰਜਾਬ ਤੇ ਹਰਿਆਣਾ ਵਰਗੇ ਸੂਬਿਆਂ ਲਈ ਢੁੱਕਵੀਂ ਨਹੀਂ। ਦੋਵਾਂ ਸੂਬਿਆਂ ਵਿਚ ਖੇਤੀ ਉਤਪਾਦ ਮੰਡੀ ਕਮੇਟੀ (ਏ ਪੀ ਐੱਮ ਸੀ) ਦਾ ਢਾਂਚਾ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਨੇੜੇ ਹੈ ਜਿਸ ਤਹਿਤ ਖੇਤੀ ਉਤਪਾਦ ਲਈ ਪ੍ਰਤੀ ਮੰਡੀ 80 ਵਰਗ ਕਿਲੋਮੀਟਰ ਕਵਰੇਜ ਏਰੀਆ ਰੱਖਣ ਦੀ ਗੱਲ ਹੈ। ਦੋਵੇਂ ਰਾਜ ਏ ਪੀ ਐੱਮ ਸੀ ਢਾਂਚੇ ਨੂੰ ਹੋਰ ਮਜ਼ਬੂਤ ਤੇ ਬਿਹਤਰ ਕਰ ਕੇ ਅਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਉਨ੍ਹਾਂ ਨੂੰ ਖੇਤੀ ਮੰਡੀਕਰਨ ਤੇ ਪ੍ਰਾਸੈਸਿੰਗ ਦਾ ਹਿੱਸਾ ਬਣਾ ਕੇ ਇਹ ਟੀਚਾ ਤੇਜ਼ੀ ਨਾਲ ਹਾਸਿਲ ਕਰ ਸਕਦੇ ਹਨ।

ਖਰੜਾ ਖੇਤੀ ਪ੍ਰਾਸੈਸਿੰਗ ਇਕਾਈਆਂ, ਥੋਕ ਵਪਾਰੀਆਂ ਤੇ ਬਰਾਮਦਕਾਰਾਂ ਨੂੰ ਦੂਜੇ ਰਾਜਾਂ ਤੋਂ ਖਰੀਦ ਕਰਨ ਅਤੇ ਜਿਸ ਰਾਜ ਵਿਚ ਉਹ ਹਨ, ਉੱਥੇ ਉਨ੍ਹਾਂ ਨੂੰ ਮੰਡੀ ਫੀਸ ਤੇ ਟੈਕਸ ਤੋਂ ਛੋਟ ਦੇਣ ਦੀ ਤਜਵੀਜ਼ ਰੱਖਦਾ ਹੈ। ਇਹ ਖਰੜਾ ਇਨ੍ਹਾਂ ਸ਼੍ਰੇਣੀਆਂ ਦੇ ਖਰੀਦਦਾਰਾਂ ਨੂੰ ਇਸ ਚੀਜ਼ ਦੀ ਵੀ ਖੁੱਲ੍ਹ ਦਿੰਦਾ ਹੈ ਕਿ ਉਹ ਪ੍ਰਾਈਵੇਟ ਮੰਡੀਆਂ ਰੱਖ ਸਕਦੇ ਹਨ ਜਾਂ ਬਿਨਾਂ ਮੰਡੀ ਫੀਸ ਜਾਂ ਟੈਕਸ ਦਿੱਤਿਆਂ ਖੇਤਾਂ ਵਿੱਚੋਂ ਹੀ ਖਰੀਦ ਸਕਦੇ ਹਨ। ਇਹ ਕਦਮ ਪ੍ਰਭਾਵਿਤ ਰਾਜਾਂ ਵਿਚ ਦਿਹਾਤੀ ਢਾਂਚੇ ਦੇ ਵਿਕਾਸ ਲਈ ਪੈਸੇ ਦੀ ਕਮੀ ਪੈਦਾ ਕਰੇਗਾ; ਇਹ ਖਰੜਾ ਏ ਪੀ ਐੱਸ ਸੀ ਮੰਡੀ ਢਾਂਚੇ ਨੂੰ ਕਮਜ਼ੋਰ ਜਾਂ ਬਰਬਾਦ ਕਰ ਦੇਵੇਗਾ। ਪ੍ਰਾਈਵੇਟ ਮੰਡੀਆਂ ਨੂੰ ਟੈਕਸ ਤੇ ਫੀਸ ਤੋਂ ਛੋਟ ਦੇਣ ਨਾਲ ਅਜਿਹੀ ਹਾਲਤ ਪੈਦਾ ਹੋਵੇਗੀ ਜਿਸ ਵਿਚ ਪ੍ਰਾਈਵੇਟ ਕੰਪਨੀਆਂ ਦੀਆਂ ਮੰਡੀਆਂ ਕਿਸਾਨਾਂ ਨੂੰ ਚੰਗੀਆਂ ਕੀਮਤਾਂ ਅਦਾ ਕਰਨਗੀਆਂ ਅਤੇ ਕੁਝ ਸਾਲਾਂ ਬਾਅਦ ਉਨ੍ਹਾਂ ਨੂੰ ਏ ਪੀ ਐੱਮ ਸੀ ਮੰਡੀਆਂ ਤੋਂ ਦੂਰ ਕਰ ਦੇਣਗੀਆਂ। ਇਕ ਵਾਰ ਏ ਪੀ ਐੱਮ ਸੀ ਢਾਂਚਾ ਕਮਜ਼ੋਰ ਹੋ ਗਿਆ ਤਾਂ ਪ੍ਰਾਈਵੇਟ ਕੰਪਨੀਆਂ, ਮੰਡੀ ਉੱਤੇ ਕਬਜ਼ਾ ਕਰ ਲੈਣਗੀਆਂ ਤੇ ਕਿਸਾਨਾਂ ਨੂੰ ਘੱਟ ਕੀਮਤ ਦੇਣੀ ਸ਼ੁਰੂ ਕਰ ਦੇਣਗੀਆਂ।



ਇਸ ਤੋਂ ਵੀ ਅੱਗੇ, ਇਹ ਖਰੜਾ ਮੁਕਾਬਲੇ ਦੇ ਨਾਂ 'ਤੇ ਖੇਤੀ ਉਤਪਾਦਾਂ ਦੇ ਵਪਾਰ 'ਚ ਪ੍ਰਾਈਵੇਟ ਮੰਡੀਆਂ ਦਾ ਏਕਾਧਿਕਾਰ ਬਣਾਉਣ ਦੀ ਤਜਵੀਜ਼ ਰੱਖ ਰਿਹਾ ਹੈ। ਖਰੜੇ 'ਚ ਸਿਫਾਰਿਸ਼ਾਂ ਦਾ ਪੱਧਰ ਕਾਫੀ ਹੱਦ ਤੱਕ ਪ੍ਰਾਈਵੇਟ ਮੰਡੀਆਂ ਨੂੰ ਲਾਭ ਦੇਣ ਵੱਲ ਸੇਧਿਤ ਹੈ; ਉਹ ਮੰਡੀਆਂ ਜਿਨ੍ਹਾਂ ਨੂੰ ਵੱਡੀਆਂ ਪ੍ਰਾਈਵੇਟ ਕੰਪਨੀਆਂ ਵੱਲੋਂ ਸਥਾਪਿਤ ਕੀਤੇ ਜਾਣ ਦੀ ਤਜਵੀਜ਼ ਹੈ।

ਬਿਹਾਰ ਵਿਚ ਏ ਪੀ ਐੱਮ ਸੀ ਮੰਡੀਆਂ ਦੇ ਖਾਤਮੇ ਤੋਂ ਬਾਅਦ ਕਿਸਾਨਾਂ ਨੂੰ ਉਤਪਾਦ ਪ੍ਰਾਈਵੇਟ ਵਪਾਰੀਆਂ ਨੂੰ ਐੱਮ ਐੱਸ ਪੀ ਤੋਂ 25-30 ਪ੍ਰਤੀਸ਼ਤ ਘੱਟ ਕੀਮਤ ਉੱਤੇ ਵੇਚਣ ਲਈ ਮਜਬੂਰ ਕੀਤਾ ਗਿਆ। ਏ ਪੀ ਐੱਮ ਸੀ ਮੰਡੀਆਂ ਤੋਂ ਪਹਿਲਾਂ ਪੰਜਾਬ ਦੇ ਕਿਸਾਨ ਵੀ ਇਸੇ ਤਰ੍ਹਾਂ ਦੀ ਹਾਲਤ ਦਾ ਸਾਹਮਣਾ ਕਰ ਰਹੇ ਸਨ। ਜਿਨ੍ਹਾਂ ਸੂਬਿਆਂ ਵਿਚ ਏ ਪੀ ਐੱਮ ਸੀ ਢਾਂਚਾ ਕਮਜ਼ੋਰ ਹੈ ਜਾਂ ਨਹੀਂ ਹੈ, ਉੱਥੇ ਹੀ ਕਿਸਾਨਾਂ ਨੂੰ ਇਹੀ ਕਸ਼ਟ ਸਹਿਣਾ ਪੈ ਰਿਹਾ ਹੈ। ਇਸ ਲਈ ਖਰੜੇ 'ਚ ਦਿੱਤਾ ਇਹ ਤਰਕ ਕਿ ਪ੍ਰਾਈਵੇਟ ਮੰਡੀਆਂ ਖੇਤੀ ਉਤਪਾਦਾਂ ਦੀ ਖਰੀਦ-ਵੇਚ 'ਚ ਮੁਕਾਬਲੇ ਨੂੰ ਵਧਾਉਣਗੀਆਂ, ਬੇਬੁਨਿਆਦ ਹੈ।

ਏ ਪੀ ਐੱਮ ਸੀ ਮੰਡੀਆਂ ਵਿਚ ਸਰਕਾਰੀ ਖਰੀਦ ਏਜੰਸੀਆਂ ਦੇ ਨਾਲ-ਨਾਲ ਪ੍ਰਾਈਵੇਟ ਕੰਪਨੀਆਂ ਖੇਤੀ ਉਤਪਾਦਾਂ ਦੀ ਖਰੀਦ ਕਰਦੀਆਂ ਹਨ ਤੇ ਕੀਮਤਾਂ ਦਾ ਮੁਕਾਬਲਾ ਹੁੰਦਾ ਹੈ। ਖਰੜੇ 'ਚ ਤਜਵੀਜ਼ਸ਼ੁਦਾ ਪ੍ਰਾਈਵੇਟ ਮੰਡੀਆਂ ਦੀ ਸਥਾਪਨਾ ਨਾਲ ਦੋ ਤਰ੍ਹਾਂ ਦਾ ਮੰਡੀ ਢਾਂਚਾ ਬਣੇਗਾ, ਇਕ ਪੂਰੀ ਤਰ੍ਹਾਂ ਪ੍ਰਾਈਵੇਟ ਸੈਕਟਰ ਲਈ ਤੇ ਦੂਜਾ ਸਰਕਾਰੀ ਏਜੰਸੀਆਂ ਲਈ ਜੋ ਕੇਵਲ ਇਸ ਤਰ੍ਹਾਂ ਦੀ ਹਾਲਤ ਬਣਾਏਗਾ ਜਿਸ ਨਾਲ ਵੱਡੀਆਂ ਪ੍ਰਾਈਵੇਟ ਕੰਪਨੀਆਂ ਨੂੰ ਹੀ ਫਾਇਦਾ ਹੋਵੇਗਾ।

ਖਰੜੇ ਵਿਚ ਉਸ ਮੰਡੀ ਢਾਂਚੇ ਦੀ ਵੀ ਅਣਦੇਖੀ ਕੀਤੀ ਗਈ ਹੈ ਜਿਸ ਦੀ ਭਾਰਤੀ ਅਰਥਚਾਰੇ ਵਿਚ ਵੱਡੀਆਂ ਕੰਪਨੀਆਂ ਨੁਮਾਇੰਗੀ ਕਰਦੀਆਂ ਹਨ । ਵੱਡੇ ਧਨਾਢ ਉਸ ਅਜਾਰੇਦਾਰੀ ਦਾ ਹੀ ਹਿੱਸਾ ਹਨ ਜੋ ਖੇਤੀ ਉਪਜਾਂ ਲਈ ਮੰਡੀਆਂ ਬਣਾਉਣੀਆਂ ਚਾਹੁੰਦੇ ਹਨ। ਜਦੋਂ ਅਜਿਹੀਆਂ ਵੱਡੀਆਂ ਕੰਪਨੀਆਂ ਆਪਣੇ ਅਪਾਰ ਸਾਧਨਾਂ ਨਾਲ ਮੰਡੀ ਵਿਚ ਜਾਣਗੀਆਂ ਤਾਂ ਉਹ ਕੀਮਤਾਂ ਨਿਸ਼ਚਤ ਕਰਨਗੀਆਂ। ਅਜਿਹੇ ਮੰਡੀ ਤੰਤਰ ਵਿਚ ਦਰਮਿਆਨੇ ਤੇ ਛੋਟੇ ਕਿਸਾਨਾਂ ਦਾ ਨੁਕਸਾਨ ਹੋਣਾ ਤੈਅ ਹੈ। ਆਲਮੀ ਅਤੇ ਮੁਕਾਮੀ ਪੱਧਰਾਂ 'ਤੇ ਕਿਸਾਨਾਂ ਦੇ ਅਨੁਭਵਾਂ ਦੇ ਮੱਦੇਨਜ਼ਰ ਵੱਡੇ ਖਿਡਾਰੀ ਭਾਰੀ ਭਰਕਮ ਮੁਨਾਫੇ ਕਮਾਉਣ ਲਈ ਆਪਣੀ ਮੰਡੀ ਦੀ ਤਾਕਤ ਦੀ ਵਰਤੋਂ ਕਰਦੇ ਹਨ।

ਖਰੜੇ ਵਿਚ ਕਿਸਾਨਾਂ ਦੇ ਪਿਛਲੇ ਤਜਰਬੇ ਨੂੰ ਅਣਡਿੱਠ ਕਰ ਦਿੱਤਾ ਹੈ ਜਿਸ ਤਹਿਤ ਦੇਸ਼ ਭਰ ਦੇ ਗੰਨਾ ਉਤਪਾਦਕਾਂ ਦੀ ਖੱਜਲ ਖੁਆਰੀ ਦੇਖੀ ਜਾ ਸਕਦੀ ਹੈ। ਉਨ੍ਹਾਂ ਨੂੰ ਖੰਡ ਮਿੱਲਾਂ ਚਾਰ-ਪੰਜ ਸਾਲਾਂ ਬਾਅਦ ਵੀ ਗੰਨੇ ਦੀ ਅਦਾਇਗੀ ਨਹੀਂ ਕਰਦੀਆਂ। ਪੰਜਾਬ ਦੇ ਕਿਸਾਨਾਂ ਦਾ ਵੀ ਇਹੀ ਕੌੜਾ ਤਜਰਬਾ ਹੈ ਜਦੋਂ 1989-90 ਵਿਚ ਪੈਪਸੀਕੋ ਅਤੇ ਮਹਿੰਦਰਾ ਸ਼ੁਭਲਾਭ ਰੈਲੀਜ਼ ਇੰਡੀਆ (ਟਾਟਾ ਕੰਪਨੀ) ਤੇ ਅਡਵਾਂਟਾ ਸੀਡਜ਼ ਨੇ 2003-04 ਵਿਚ ਕਿਸਾਨਾਂ ਨੂੰ ਰਗੜੇ ਲਾਏ। ਇਨ੍ਹਾਂ ਕੰਪਨੀਆਂ ਨੇ ਜਾਂ ਤਾਂ ਕਿਸਾਨਾਂ ਨੂੰ ਗੈਰ-ਮਿਆਰੀ ਬੀਜ ਦਿੱਤੇ ਸਨ ਜਾਂ ਫਿਰ ਬਾਅਦ ਵਿਚ ਕੋਈ ਮਦਦ ਮੁਹੱਈਆ ਨਾ ਕਰਵਾਈ। ਨਾ ਹੀ ਉਨ੍ਹਾਂ ਕਰਾਰ ਮੁਤਾਬਿਕ ਸਮੇਂ ਸਿਰ ਫਸਲ ਖਰੀਦੀ। ਇਉਂ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਜਿਨ੍ਹਾਂ ਦੀ ਨਾ ਕੰਪਨੀਆਂ ਨੇ ਭਰਪਾਈ ਕੀਤੀ ਤੇ ਨਾ ਹੀ ਸਰਕਾਰ ਤੋਂ ਕੋਈ ਮੁਆਵਜ਼ਾ ਮਿਲਿਆ।

ਹਾਲੀਆ ਸਾਲਾਂ 'ਚ ਹਿਮਾਚਲ ਦੇ ਸੇਬ ਉਤਪਾਦਕਾਂ ਨਾਲ ਪ੍ਰਾਈਵੇਟ ਕੰਪਨੀਆਂ ਨੇ ਇੰਝ ਹੀ ਕੀਤਾ। ਪ੍ਰਾਈਵੇਟ ਕੰਪਨੀਆਂ ਨੂੰ ਮੁਨਾਫੇ ਦੀ ਪ੍ਰਵਾਹ ਹੁੰਦੀ ਹੈ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਲਾਗਾ ਦੇਗਾ ਨਹੀਂ ਹੁੰਦਾ। ਉਹ ਕਰੋਨੀ (ਚਹੇਤੇ) ਪੂੰਜੀਵਾਦ ਦੀ ਨੁਮਾਇੰਦਗੀ ਕਰਦੀਆਂ ਹਨ ਜੋ ਸਰਕਾਰੀ ਗੱਫਿਆਂ ਤੇ ਛੋਟੇ ਖਿਡਾਰੀਆਂ ਤੇ ਕਿਸਾਨਾਂ ਦੇ ਸ਼ੋਸ਼ਣ 'ਤੇ ਪਲਦੀਆਂ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਸਮੱਸਿਆਵਾਂ ਨੂੰ ਰਾਜਕੀ ਮੰਡੀ ਨੇਮਾਂ, ਸਰਕਾਰੀ ਅਦਾਰਿਆਂ ਦੇ ਦਖਲ ਅਤੇ ਕਿਸਾਨੀ ਅਦਾਰਿਆਂ ਦੀ ਤਵਾਜ਼ਨਕਾਰੀ ਸ਼ਕਤੀ ਰਾਹੀਂ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ।

ਇਹ ਨੀਤੀ ਖਰੜਾ ਅਜਿਹਾ ਕਰਨ ਦੇ ਯੋਗ ਨਹੀਂ ਜਿਸ ਕਰ ਕੇ ਇਹ ਵਾਪਸ ਲਿਆ ਜਾਣਾ ਚਾਹੀਦਾ ਹੈ। ਉਂਝ, ਖਰੜੇ ਨੂੰ ਰੱਦ ਕਰਨ ਦਾ ਉਦੋਂ ਤੱਕ ਕੋਈ ਫਾਇਦਾ ਨਹੀਂ ਹੋਵੇਗਾ ਜਿੰਨੀ ਦੇਰ ਸੂਬੇ ਆਪਣੀਆਂ ਲੋਕਾਂ ਦੇ ਅਨੁਕੂਲ ਬਦਲ ਪੇਸ਼ ਨਹੀਂ ਕਰਦੇ। ਪੰਜਾਬ ਕੋਲ ਪਹਿਲਾਂ ਹੀ ਆਪਣੀ ਖੇਤੀਬਾੜੀ ਨੀਤੀ ਖਰੜਾ ਹੈ ਜੋ ਸਰਕਾਰ ਦੀ ਕਾਇਮ ਕੀਤੀ ਕਮੇਟੀ ਨੇ ਤਿਆਰ ਕੀਤਾ ਹੈ। ਇਸ ਖਰੜੇ ਉੱਪਰ ਰਾਜ ਦੇ ਕਿਸਾਨਾਂ, ਸਿਆਸਤਦਾਨਾਂ, ਮਾਹਿਰਾਂ, ਮੁਕਾਮੀ ਵਪਾਰੀਆਂ ਅਤੇ ਕਾਰੋਬਾਰੀਆਂ ਨਾਲ ਵਿਚਾਰ ਚਰਚਾ ਕੀਤੀ ਜਾਣੀ ਚਾਹੀਦੀ ਹੈ। ਸਾਰੀਆਂ ਸਬੰਧਿਤ ਧਿਰਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਪੰਜਾਬ ਲਈ ਖੇਤੀਬਾੜੀ ਨੀਤੀ ਨੂੰ ਅੰਤਿਮ ਰੂਪ ਦੇ ਕੇ ਲਾਗੂ ਕਰਨਾ ਚਾਹੀਦਾ ਹੈ।

ਖਰੜੇ ਵਿਚ ਇਹ ਯਕੀਨੀ ਬਣਾਇਆ ਜਾਵੇ ਕਿ ਏ ਪੀ ਐੱਮ ਸੀ ਮੰਡੀਆਂ ਦੇ ਕੁਸ਼ਲ ਕੰਮਕਾਜ ਅਤੇ ਇਨ੍ਹਾਂ ਦੇ ਆਧੁਨਿਕੀਕਰਨ ਨਿਯਮ ਸਮੇਂ 'ਤੇ ਚੋਣਾਂ ਕਰਵਾਈਆਂ ਜਾਣ। ਇਸ ਮੰਤਵ ਲਈ ਭੰਡਾਰਨ ਜਾਂ ਸਾਇਲੋਜ਼ ਨੂੰ ਅਪਗ੍ਰੇਡ ਕਰਨਾ ਪਵੇਗਾ ਤੇ ਜਲਦੀ ਖਰਾਬ ਹੋਣ ਵਾਲੀਆਂ ਫਸਲਾਂ ਲਈ ਕੋਲਡ ਸਟੋਰੇਜ਼ ਚੇਨਾਂ ਕਾਇਮ ਕਰਨ ਦੀ ਲੋੜ ਪਵੇਗੀ। ਇਸ ਤਹਿਤ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਏ ਪੀ ਐੱਮ ਸੀ ਮੰਡੀਆਂ ਵੱਲੋਂ ਫੀਸਾਂ ਅਤੇ ਚਾਰਜਾਂ ਦੇ ਰੂਪ ਵਿਚ ਇਕੱਤਰ ਕੀਤੇ ਫੰਡਾਂ ਦੀ ਵਰਤੋਂ ਮੰਡੀਆਂ ਦਾ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਹੀ ਕੀਤਾ ਜਾਵੇ ਅਤੇ ਰਾਜ ਸਰਕਾਰ ਹੋਰ ਕਿਸੇ ਮੰਤਵ ਲਈ ਨਾ ਵਰਤ ਸਕੇ।



# ਹਾੜ੍ਹੀ ਦੀਆਂ ਫਸਲਾਂ ਵਿਚ ਫਾਸਫੋਰਸ ਖਾਦਾਂ ਦੀ ਸੁਚੱਜੀ ਵਰਤੋਂ

ਜਗਦੀਪ ਸਿੰਘ, ਗੋਬਿੰਦਰ ਸਿੰਘ ਅਤੇ ਧਨਵਿੰਦਰ ਸਿੰਘ,
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98142-67668)

ਫਾਸਫੋਰਸ ਪੌਦਿਆਂ ਲਈ ਇਕ ਜ਼ਰੂਰੀ ਤੱਤ ਹੈ ਅਤੇ ਇਸਦੀ ਪੌਦਿਆਂ ਨੂੰ ਕਾਫੀ ਮਾਤਰਾ ਵਿਚ ਲੋੜ ਹੁੰਦੀ ਹੈ। ਇਸ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਪੌਦਿਆਂ ਦਾ ਤਣਾ ਅਤੇ ਜੜ੍ਹਾਂ ਕਮਜ਼ੋਰ ਰਹਿ ਜਾਂਦੀਆਂ ਹਨ। ਲੋੜੀਂਦੀ ਫਾਸਫੋਰਸ ਪੌਦਿਆਂ ਵਿਚ ਪ੍ਰਕਾਸ਼ ਸੰਸਲੇਸ਼ਣ, ਨਿਸਾਰਾ ਅਤੇ ਪਰਾਲ ਵਧਾਉਂਦੀ ਹੈ। ਫਾਸਫੋਰਸ ਦੀ ਸੁਯੋਗਤਾ 30 ਪ੍ਰਤੀਸ਼ਤ ਤੋਂ ਜ਼ਿਆਦਾ ਨਾ ਹੋਣ ਕਰਕੇ ਬਚਿਆ ਫਾਸਫੋਰਸ ਮਿੱਟੀ ਵਿੱਚ ਬੱਝ ਜਾਂਦਾ ਹੈ।

ਫਾਸਫੋਰਸ ਖਾਦ ਦੀ ਵਰਤੋਂ ਨਾਲ ਮਿੱਟੀ ਵਿਚਲੇ ਫਾਸਫੋਰਸ ਵਿੱਚ ਹੋਣ ਵਾਲੀਆਂ ਤਬਦੀਲੀਆਂ ਸਬੰਧੀ ਤਜਰਬਿਆਂ ਦੇ ਨਤੀਜੇ ਦਰਸਾਉਂਦੇ ਹਨ ਕਿ ਮੁੱਖ ਫਸਲੀ ਚੱਕਰ ਕਣਕ-ਝੋਨਾ ਅਤੇ ਮੱਕੀ-ਕਣਕ ਵਿਚ ਫਾਸਫੋਰਸ ਦੀ ਮੌਜੂਦਾ ਸਿਫਾਰਸ਼ ਦਰ ਨਾਲ ਮਿੱਟੀ ਵਿਚ ਫਾਸਫੋਰਸ ਦਾ ਪੱਧਰ ਵਧ ਜਾਂਦਾ ਹੈ ਪਰ ਇਸ ਜਮ੍ਹਾਂ ਹੋਏ ਫਾਸਫੋਰਸ ਤੱਤ ਦੀ ਕਈ ਢੰਗ ਤਰੀਕਿਆਂ ਨਾਲ ਵਰਤੋਂ ਵੀ ਕੀਤੀ ਜਾ ਸਕਦੀ ਹੈ। ਅਜਿਹੇ ਹਾਲਾਤਾਂ ਵਿਚ ਫਸਲ ਦੀ ਫਾਸਫੋਰਸ ਤੱਤ ਦੀ ਜ਼ਰੂਰਤ ਘੱਟ ਫਾਸਫੋਰਸ ਖਾਦ ਦੀ ਵਰਤੋਂ ਨਾਲ ਵੀ ਪੂਰੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਮੁਸ਼ਕਿਲ ਵਿੱਤੀ ਦੌਰ ਅਤੇ ਫਾਸਫੋਰਸ ਖਾਦਾਂ ਦੀ ਕਿੱਲਤ ਸਮੇਂ ਕਿਸਾਨ ਫਸਲਾਂ ਦੇ ਝਾੜ ਨਾਲ ਕੋਈ ਸਮਝੌਤਾ ਕੀਤੇ ਬਗੈਰ ਇਸ ਦੀ ਵਰਤੋਂ ਘੱਟ ਕਰ ਸਕਦੇ ਹਨ।

ਸੰਘਣੀ ਖੇਤੀ ਵਿਚ ਫਾਸਫੋਰਸ ਖਾਦਾਂ ਦੀ ਵੱਧ ਵਰਤੋਂ ਨਾਲ ਪੰਜਾਬ ਰਾਜ ਦੀਆਂ ਜ਼ਮੀਨਾਂ ਵਿਚ ਮਿੱਟੀ ਦਾ ਫਾਸਫੋਰਸ ਪੱਧਰ ਲੋੜੀਂਦੇ ਪੱਧਰ ਤੋਂ ਵੱਧ ਚੁੱਕਾ ਹੈ, ਜਿਸ ਤੋਂ ਉੱਪਰ ਹੋਰ ਫਾਸਫੋਰਸ ਪਾਉਣ ਨਾਲ ਫਸਲ ਨੂੰ ਕੋਈ ਲਾਭ ਨਹੀਂ ਹੁੰਦਾ। ਪੀ.ਏ.ਯੂ. ਦੇ ਭੂਮੀ ਵਿਗਿਆਨ ਵਿਭਾਗ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿਚ ਕੀਤਾ ਮਿੱਟੀ ਸਰਵੇਖਣ, ਫਾਸਫੋਰਸ ਦੇ ਉੱਚ ਅਤੇ ਅਤਿ-ਉੱਚ ਪੱਧਰ (20 ਕਿਲੋ/ਏਕੜ ਤੋਂ ਜ਼ਿਆਦਾ) ਨੂੰ ਦਰਸਾਉਂਦਾ ਹੈ। ਫਾਸਫੋਰਸ ਖਾਦ ਦੀ ਵੱਧਦੀ ਕੀਮਤ ਅਤੇ ਲੋੜ ਤੋਂ ਵੱਧ ਵਰਤੋਂ ਦੇ ਵਾਤਾਵਰਣ ਉੱਪਰ ਮਾੜੇ ਅਸਰ ਕਰਕੇ ਮਿੱਟੀ ਵਿਚਲੇ ਫਾਸਫੋਰਸ ਖਾਦ ਦੀ ਵੱਧਦੀ ਕੀਮਤ ਅਤੇ ਲੋੜ ਤੋਂ ਵੱਧ ਵਰਤੋਂ ਦੇ ਵਾਤਾਵਰਣ ਉੱਪਰ ਮਾੜੇ ਅਸਰ ਕਰਕੇ ਮਿੱਟੀ ਵਿਚਲੇ ਫਾਸਫੋਰਸ ਪੱਧਰ ਨੂੰ ਮੁੱਖ ਫਸਲਾਂ ਵਿਚ ਆਰਥਿਕ ਤੌਰ ਤੇ ਲਾਹੇਵੰਦ ਬਣਾਉਣ ਲਈ ਪ੍ਰਭਾਵਸ਼ਾਲੀ ਤਰੀਕੇ ਨਾਲ ਵਰਤਿਆ ਜਾ ਸਕਦਾ ਹੈ।

**ਹਾੜ੍ਹੀ ਦੀਆਂ ਮੁੱਖ ਫਸਲਾਂ ਲਈ ਫਾਸਫੋਰਸ ਖਾਦਾਂ ਦੀ ਮਾਤਰਾ**

ਖਾਦਾਂ ਦੀ ਵਰਤੋਂ ਮਿੱਟੀ ਪਰਖ ਆਧਾਰ ਤੇ ਕਰੋ। ਜੇ ਮਿੱਟੀ ਦੀ ਪਰਖ ਨਾਲ ਕਰਵਾਈ ਹੋਵੇ ਤਾਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਜ਼ਮੀਨ ਲਈ ਫਾਸਫੋਰਸ ਖਾਦਾਂ ਦੀ ਹੇਠਾਂ ਦੱਸੀ ਮਾਤਰਾ ਵਰਤੋ।

**ਸਾਰਣੀ 1 : ਹਾੜ੍ਹੀ ਦੀਆਂ ਮੁੱਖ ਫਸਲਾਂ ਲਈ ਫਾਸਫੋਰਸ ਖਾਦਾਂ ਦੀ ਮਾਤਰਾ**

| ਫਸਲ | ਫਾਸਫੋਰਸ ਤੱਤ (ਕਿਲੋ/ਏਕੜ) | ਡੀ ਏ ਪੀ/ਸਿੰਗਲ ਸੁਪਰ ਫਾਸਫੇਟ * ਖਾਦ(ਕਿਲੋ/ਏਕੜ) |
|---|---|---|
| ਕਣਕ | 25 | 55 |
| ਜੌਂ | 12 | 27 |
| ਛੋਲੇ | 8 | 50* |
| ਮਸਰ | 8 | 50* |
| ਪਕਾਵੇਂ ਮਟਰ | 16 | 100* |
| ਤੋਰੀਆ | 8 | 50* |
| ਰਾਇਆ, ਸਰ੍ਹੋਂ | 12 | 75* |
| ਬਰਸੀਮ | 30 | 185* |
| ਜਵੀ | 8 | 50* |

**ਹਾੜ੍ਹੀ ਦੀਆਂ ਫਸਲਾਂ ਲਈ ਫਾਸਫੋਰਸ ਖਾਦਾਂ ਦੀ ਸੁਚੱਜੀ ਵਰਤੋਂ ਲਈ ਕੁਝ ਨੁਕਤੇ**

**ਜੀਵਾਣੂੰ ਖਾਦ** : ਬੀਜ ਨੂੰ ਸਿਫਾਰਸ਼ ਕੀਤੀ ਜੀਵਾਣੂੰ ਖਾਦ ਦਾ ਟੀਕਾ ਲਗਾ ਕੇ ਬੀਜੋ। ਕਣਕ ਦੇ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਵਿਚ ਫਾਸਫੇਟ ਸੋਲੂਬਲਾਇਜਰ ਬੈਕਟੀਰੀਆ ਹੁੰਦਾ ਹੈ ਜੋ ਕਿ ਅਘੁਲਣਸ਼ੀਲ ਫਾਸਫੋਰਸ ਨੂੰ ਪੌਦਿਆਂ ਲਈ ਉਪਲਬਧ ਰੂਪ ਵਿਚ ਬਦਲਦਾ ਹੈ। ਬੀਜ ਨੂੰ ਕੀਟਨਾਸ਼ਕਾਂ ਦੀ ਵਰਤੋਂ ਦੇ ਘੱਟੋ-ਘੱਟ 6 ਘੰਟੇ ਬਾਅਦ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਕਣਕ ਦੇ ਬੀਜ ਨੂੰ ਲਾਓ। 500 ਗ੍ਰਾਮ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਨੂੰ ਇਕ ਲਿਟਰ ਪਾਣੀ ਵਿਚ ਮਿਲਾ ਕੇ ਕਣਕ ਦੇ ਪ੍ਰਤੀ ਏਕੜ ਬੀਜ ਨਾਲ ਚੰਗੀ ਤਰ੍ਹਾਂ ਮਿਲਾ ਲਓ। ਸੋਧੇ ਬੀਜ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਛਾਵੇਂ ਸੁਕਾ ਲਓ ਅਤੇ ਛੇਤੀ ਬੀਜ ਦਿਓ। ਜੀਵਾਣੂੰ ਖਾਦਾਂ ਦੇ ਇਹ ਟੀਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਗੇਟ ਨੰ. 1 ਤੇ ਬੀਜਾਂ ਦੀ ਦੁਕਾਨ ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ / ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦੇ ਹਨ।

2. **ਜੈਵਿਕ ਖਾਦਾਂ** : ਜੇਕਰ ਝੋਨੇ ਵਿੱਚ 2.5 ਟਨ ਪ੍ਰਤੀ ਏਕੜ ਮੁਰਗੀਆਂ ਦੀ ਖਾਦ/6 ਟਨ ਪ੍ਰਤੀ ਏਕੜ ਪ੍ਰੈਸਮੱਡ/2.4 ਟਨ ਗੋਬਰ ਗੈਸ ਪਲਾਂਟ ਵਿੱਚੋਂ ਨਿਕਲੀ ਹੋਈ ਸਲੱਰੀ ਨੂੰ ਸੁੱਕਣ ਜਾਂ ਉਪਰੰਤ ਪਾਈ ਹੋਵੇ ਤਾਂ ਕਣਕ ਵਿੱਚ ਅੱਧੀ ਫਾਸਫੋਰਸ ਦੀ ਬੱਚਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਕਣਕ ਨੂੰ ਝੋਨੇ ਦੀ ਫੱਕ ਦੀ ਸਵਾਹ ਜਾਂ ਗੰਨੇ ਦੀ ਸਵਾਹ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਅਖੀਰਲੀ ਵਹਾਈ ਤੋਂ ਪਹਿਲਾਂ ਪਾਓ ਅਤੇ ਬਿਜਾਈ ਵੇਲੇ ਸਿਫਾਰਸ਼ ਕੀਤੀ ਫਾਸਫੋਰਸ ਦੀ ਅੱਧੀ ਮਾਤਰਾ (28 ਕਿਲੋ ਡੀ ਏ ਪੀ ਜਾਂ 75 ਕਿਲੋ ਸੁਪਰ ਫਾਸਫੇਟ) ਹੀ ਵਰਤੋ। ਰੂੜੀ ਦੀ ਹਰ 10 ਕੁਇੰਟਲ ਮਾਤਰਾ ਪਿੱਛੇ ਇੱਕ ਕਿਲੋ ਫਾਸਫੋਰਸ ਘੱਟ ਪਾਓ।

**ਮਿੱਟੀ ਦੀ ਜਾਂਚ** : ਖਾਦਾਂ ਦੀ ਵਰਤੋਂ ਮਿੱਟੀ ਪਰਖ ਆਧਾਰ ਤੇ ਕਰੋ। ਮੱਕੀ-ਕਣਕ ਵਿਚ ਜਦੋਂ ਮਿੱਟੀ ਪਰਖ ਅਧਾਰਿਤ ਫਾਸਫੋਰਸ ਦੀ ਮਾਤਰਾ ਜ਼ਿਆਦਾ ਜਾਂ ਬਹੁਤ ਜ਼ਿਆਦਾ ਉਪਲੱਬਧ ਹੋਵੇ ਅਤੇ ਜਦੋਂ ਤੱਕ ਫਾਸਫੋਰਸ ਪੱਧਰ 16 ਕਿਲੋ/ਏਕੜ ਤੱਕ ਨਾ ਪੁੱਜੇ ਤਾਂ ਦੋਨੋਂ ਫਸਲਾਂ ਵਿਚ ਫਾਸਫੋਰਸ ਖਾਦ ਦੀ ਵਰਤੋਂ ਹਟਾਈ ਜਾ ਸਕਦੀ ਹੈ।

4. ਤੇਲ ਬੀਜ ਅਤੇ ਦਾਲਾਂ ਦੀਆਂ ਫਸਲਾਂ ਵਿਚ ਅਤੇ ਹਲਕੀਆਂ ਜ਼ਮੀਨਾਂ ਜਿੱਥੇ ਜੈਵਿਕ ਕਾਰਬਨ ਦੀ ਮਾਤਰਾ 0.20% ਤੋਂ ਘੱਟ ਹੈ ਉੱਥੇ ਸਿੰਗਲ ਸੁਪਰ ਫਾਸਫੇਟ ਖਾਦ ਨੂੰ ਤਰਜੀਹ ਦਿਉ ਅਤੇ ਪੋਟਾਸ਼ ਤੱਤ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ N : P : K (12 : 32 : 16) ਨੂੰ ਤਰਜੀਹ ਦਿਓ।

**5. ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ :**

★ ਜਿੱਥੇ ਝੋਨੇ ਦੀ ਪਰਾਲੀ ਖੇਤ ਵਿਚ ਲਗਾਤਾਰ ਰੱਖੀ ਹੋਵੇ ਜਾਂ ਵਾਹੀ ਹੋਵੇ ਤਾਂ ਉਨ੍ਹਾਂ ਖੇਤਾਂ ਵਿਚ ਬਿਜਾਈ ਵੇਲੇ 65 ਕਿਲੋ ਡੀ ਏ ਪੀ ਪ੍ਰਤੀ ਏਕੜ ਵਰਤੋ।

★ ਜਿੱਥੇ ਝੋਨੇ ਦੀ ਪਰਾਲੀ ਖੇਤ ਵਿਚ ਲਗਾਤਾਰ ਰੱਖੀ ਹੋਵੇ ਜਾਂ ਵਾਹੀ ਹੋਵੇ ਅਤੇ ਜੈਵਿਕ ਮਾਦਾ 'ਵੱਧ' ਸ਼੍ਰੇਣੀ ਵਿਚ ਆ ਜਾਵੇ ਉਨ੍ਹਾਂ ਖੇਤਾਂ ਵਿਚ ਬਿਜਾਈ ਵੇਲੇ 27 ਕਿਲੋ ਡੀ ਏ ਪੀ ਪ੍ਰਤੀ ਏਕੜ ਹੀ ਵਰਤੋ।

**ਡੀ ਏ ਪੀ ਖਾਦ ਦੀ ਘਾਟ ਸਮੇਂ ਫਾਸਫੋਰਸ ਦੇ ਬਦਲਵੇਂ ਸਰੋਤਾਂ ਦੀ ਵਰਤੋਂ**

ਮੌਜੂਦਾ ਸਮੇਂ ਵਿਚ ਡੀ ਏ ਪੀ ਖਾਦ ਦੀ ਕਮੀਂ ਕਾਰਨ ਕਿਸਾਨ ਚਿੰਤਤ ਹਨ ਪਰ ਬਾਜ਼ਾਰ ਵਿਚ ਬਹੁਤ ਸਾਰੀਆਂ ਖਾਦਾਂ ਮੌਜੂਦ ਹਨ ਜਿਨ੍ਹਾਂ ਨੂੰ ਫਾਸਫੋਰਸ ਦੇ ਬਦਲਵੇਂ ਸਰੋਤ ਵਜੋਂ ਵਰਤਿਆ ਜਾ ਸਕਦਾ ਹੈ। ਕਿਸਾਨ ਵੀਰ ਇਹ ਖਾਦ ਵਰਤ ਕੇ ਫਾਸਫੋਰਸ ਤੱਤ ਦੀ ਲੋੜ ਪੂਰੀ ਕਰ ਸਕਦੇ ਹਨ।

| ਲ. ਨੰ: | ਖਾਦ ਦਾ ਨਾਂ | ਫਾਸਫੋਰਸ ਦੀ ਮਾਤਰਾ (%) | 1 ਬੈਗ (50 ਕਿਲੋ) ਡਾਈਅਮੋਨੀਅਮ ਫਾਸਫੇਟ (DAP) ਪਿਛੇ ਖਾਦ ਦੀ ਮਾਤਰਾ | ਹੋਰ ਤੱਤ |
|---|---|---|---|---|
| 1. | ਸਿੰਗਲ ਸੁਪਰਫਾਸਫੇਟ | 16 | 3 ਬੈਗ | 18 ਕਿਲੋ ਗੰਧਕ |
| 2. | N : P : K (12 : 32 : 16) | 32 | 1.5 ਬੈਗ | 9 ਕਿਲੋ ਨਾਈਟ੍ਰੋਜਨ ਅਤੇ 12 ਕਿਲੋ ਪੋਟਾਸ਼ |
| 3. | ਟਰਿਪਲ ਸੁਪਰਫਾਸਫੇਟ | 46 | 1 ਬੈਗ | --- |
| 4. | ਗੰਧਕੀ ਫਾਸਫੇਟ (13 : 33 : 0 : N:P2O5:K2O:S) | 33 | 1.5 ਬੈਗ | 10 ਕਿਲੋ ਨਾਈਟ੍ਰੋਜਨ ਅਤੇ 10.5 ਕਿਲੋ ਗੰਧਕ |
| 5. | ਅਮੋਨੀਅਮ ਫਾਸਫੇਟ (12 : 40 : 0 : 10: 1:N: P2O5:K2O:S:Zn) | 40 | 1 ਬੈਗ 8 ਕਿਲੋ | 12 ਕਿਲੋ ਨਾਈਟ੍ਰੋਜਨ ਅਤੇ 1 ਕਿਲੋ ਜ਼ਿੰਕ |

# ਖੇਤੀ ਨੂੰ ਨਵੇਂ ਚੰਨ ਲਾਉਂਦਾ ਕਿਸਾਨ : ਸ. ਚਾਨਣ ਸਿੰਘ ਸਰਾਂ

ਸ. ਚਾਨਣ ਸਿੰਘ ਸਰਾਂ ਸਪੁੱਤਰ ਸ. ਨਿਸ਼ਾਨ ਸਿੰਘ ਪਿੰਡ ਪੱਟੀ, ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ 32 ਸਾਲ ਕਿਸਾਨ ਹੈ, ਜੋ ਕਿ ਸਾਲ 2011 ਤੋਂ ਖੇਤੀ ਕਰ ਰਿਹਾ ਹੈ। ਆਪਣੇ ਪੁਰਖਿਆਂ ਦੀ ਖੇਤੀ ਸੰਭਾਲਦਿਆਂ ਹੀ ਚਾਨਣ ਸਿੰਘ ਨੇ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਾਣੀ ਬੰਦ ਕੀਤੀ ਅਤੇ 2013 ਤੋਂ ਸਾਰੀ ਪਰਾਲੀ ਖੇਤ ਵਿਚ ਹੀ ਵਾਹੁਣ ਲੱਗਾ। ਕਿਸਾਨ ਨੇ ਕਾਫੀ ਅਗਾਂਹ ਵਧੂ ਸੋਚ ਸਦਕਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨਾਲ ਸੰਪਰਕ ਕਾਇਮ ਕੀਤਾ ਅਤੇ 2013 ਤੋਂ ਪਰਾਲੀ ਪ੍ਰਬੰਧਨ, ਪਾਣੀ ਦੀ ਸਾਂਭ-ਸੰਭਾਲ ਅਤੇ ਖੇਤੀ ਵਿਭਿੰਨਤਾ ਉੱਤੇ ਜ਼ੋਰ ਦਿੱਤਾ। ਇਸ ਦੇ ਨਾਲ ਇਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਪੰਜਾਬ ਨੌਜਵਾਨ ਕਿਸਾਨ ਸੰਸਥਾ ਦਾ ਮੈਂਬਰ ਵੀ ਹੈ। ਇਸ ਦੇ ਤਹਿਤ ਸ. ਚਾਨਣ ਸਿੰਘ ਨੇ 2013 ਤੋਂ ਝੋਨੇ ਦੀ ਸਿੱਧੀ ਬਿਜਾਈ ਕਰਨੀ ਸ਼ੁਰੂ ਕੀਤੀ ਅਤੇ ਝੋਨਾ-ਕਣਕ ਫਸਲੀ ਚੱਕਰ ਨੂੰ ਛੱਡ ਕੇ ਹੋਰ ਫਸਲਾਂ ਵੀ ਆਪਣੇ ਖੇਤ ਵਿਚ ਪੈਦਾ ਕੀਤੀਆਂ ਜਿਵੇਂ ਕਿ ਗਾਜਰ, ਸ਼ਲਗਮ, ਸਰ੍ਹੋਂ, ਮਿਰਚ, ਟੀਂਡਾ ਅਤੇ ਮੱਕੀ ਆਦਿ। ਇਸ ਤੋਂ ਇਲਾਵਾ 4 ਏਕੜ ਵਿਚ ਨਾਖਾਂ ਦਾ ਬਾਗ ਵੀ ਲਗਾਇਆ। ਗਾਜਰ ਦੀ ਕਾਸ਼ਤ ਦੇ ਨਾਲ ਹੀ ਚਾਨਣ ਸਿੰਘ ਗਾਜਰ ਦਾ ਬੀਜ ਵੀ ਆਪ ਹੀ ਤਿਆਰ ਕਰਦਾ ਹੈ ਅਤੇ ਆਪਣੇ ਇਲਾਕੇ ਦੇ ਹੋਰ ਲਗਭਗ 100 ਦੇ ਕਰੀਬ ਕਿਸਾਨਾਂ ਨੂੰ ਵੀ ਬੀਜ ਮੁਹੱਈਆ ਕਰਵਾ ਕੇ ਅਗਾਂਹ-ਵਧੂ ਸੋਚ ਦਾ ਪ੍ਰਗਟਾਵਾ ਕਰਦਾ ਹੈ। ਇਸ ਕਿਸਾਨ ਨੇ ਝੋਨਾ-ਕਣਕ ਫਸਲੀ ਚੱਕਰ ਦਾ ਬਦਲ ਲੱਭਿਆ ਹੋਇਆ ਹੈ ਸੰਨ 2016 ਤੋਂ ਸਿੱਧੀ ਬਿਜਾਈ ਤੋਂ ਬਾਅਦ ਸਤੰਬਰ ਅਖੀਰ ਤੋਂ ਅਕਤੂਬਰ ਦੇ ਪਹਿਲੇ ਪੰਦਰਵਾੜੇ ਤੱਕ 25 ਤੋਂ 26 ਏਕੜ ਰਕਬੇ ਉੱਤੇ ਗਾਜਰਾਂ ਦੀ ਬਿਜਾਈ ਕਰ ਦਿੰਦਾ ਹੈ। ਝੋਨੇ ਦੀ ਸਿੱਧੀ ਬਿਜਾਈ ਦਾ ਝਾੜ ਔਸਤਨ 24 ਤੋਂ 26 ਕੁਇੰਟਲ ਪ੍ਰਾਪਤ ਕਰਦਾ ਹੈ। ਗਾਜਰ 70 ਤੋਂ 80 ਦਿਨਾਂ ਵਿਚ ਤਿਆਰ ਹੋ ਜਾਂਦੀ ਹੈ ਜਿਸ ਦਾ ਝਾੜ ਲਗਭਗ 130 ਤੋਂ 160 ਕੁਇੰਟਲ ਤੱਕ ਆ ਜਾਂਦਾ ਹੈ। ਦੇਸੀ ਬੀਜ ਦੀ 90 ਦਿਨਾਂ ਦੀ ਪੁਟਾਈ ਸ਼ੁਰੂ ਕੀਤੀ ਜਾਵੇ ਤਾਂ ਸ਼ੁਰੂ ਕੀਤੀ ਜਾਵੇ ਤਾਂ ਸ਼ੁਰੂ ਵਾਲੇ ਖੇਤਾਂ ਦਾ ਝਾੜ 150 ਕੁਇੰਟਲ ਆਉਂਦਾ ਹੈ ਅਤੇ ਜਿਵੇਂ-ਜਿਵੇਂ ਪੁਟਾਈ ਦਾ ਕੰਮ ਲੇਟ ਹੋਈ ਜਾਂਦਾ ਹੈ, ਇਸ ਦਾ ਝਾੜ 250 ਕੁਇੰਟਲ ਤੱਕ ਵੀ ਪ੍ਰਾਪਤ ਕਰਦਾ ਹੈ। ਗਾਜਰਾਂ ਦੀ ਪੁਟਾਈ, ਧੁਆਈ, ਗਰੇਡਿੰਗ ਅਤੇ ਪੈਕਿੰਗ ਆਦਿ ਆਪਣੇ ਹਿਸਾਬ ਨਾਲ ਕਰਾ ਕੇ ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ ਅਤੇ ਸ੍ਰੀ ਨਗਰ ਤੱਕ ਮੰਡੀਕਰਨ ਵੀ ਆਪ ਕਰਦਾ ਹੈ, ਜਿਸ ਨਾਲ ਇਸ ਨੂੰ ਵਧੀਆ ਮੁਨਾਫਾ ਹੁੰਦਾ ਹੈ। ਕਿਸਾਨ ਮੁਤਾਬਿਕ ਉਸ ਨੂੰ ਔਸਤਨ ਸਲਾਨਾ 1 ਲੱਖ ਰੁਪਏ ਪ੍ਰਤੀ ਏਕੜ ਦੀ ਸ਼ੁੱਧ ਆਮਦਨ ਗਾਜਰਾਂ ਦੀ ਖੇਤੀ ਵਿੱਚੋਂ ਪ੍ਰਾਪਤ ਹੁੰਦੀ ਹੈ। ਸ. ਚਾਨਣ ਸਿੰਘ ਸਰਾਂ ਖੇਤੀ ਵਿਭਿੰਨਤਾ ਅਪਣਾ ਕੇ ਵਾਤਾਵਰਨ ਪ੍ਰਤੀ ਆਪਣਾ ਸਹਿਯੋਗ ਤਾਂ ਪਾ ਹੀ ਰਿਹਾ ਹੈ, ਨਾਲ ਹੀ ਨਾਲ ਆਪਣੇ ਇਲਾਕੇ ਦੇ ਵਿਚ ਰੋਜ਼ਗਾਰ ਵੀ ਪੈਦਾ ਕਰ ਰਿਹਾ ਹੈ, ਇਸ ਲਈ ਇਹ ਕਿਸਾਨ ਆਪਣੇ ਆਸ-ਪਾਸ ਹੀ ਨਹੀਂ ਸਗੋਂ ਪੰਜਾਬ ਦੇ ਬਾਕੀ ਕਿਸਾਨਾਂ ਲਈ ਵੀ ਇਕ ਚਾਨਣ ਮੁਨਾਰਾ ਹੈ।

**ਪਰਵਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਸੰਧੂ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ,**
**ਮੋਬਾਇਲ** : 98882-99130

# ਕੁਦਰਤ ਦੀ ਅਨਮੁੱਲੀ ਦੇਣ ਐਲੋਵੇਰਾ

**ਵੈਦ ਬੀ. ਕੇ. ਸਿੰਘ,**
**ਪਿੰਡ ਅਤੇ ਡਾਕ ਜੈ ਸਿੰਘ ਵਾਲਾ**
**ਜ਼ਿਲ੍ਹਾ ਮੋਗਾ**

ਕਹਿੰਦੇ ਹਨ ਕਿ ਮਾੜੇ ਤੋਂ ਮਾੜੇ ਬੰਦੇ ਵਿੱਚ ਵੀ ਕੋਈ ਨਾ ਕੋਈ ਗੁਣ ਚੰਗਾ ਹੁੰਦਾ ਹੀ ਹੈ। ਇਸ ਲਈ ਆਪਾਂ ਨੂੰ ਹਰ ਬੰਦੇ, ਹਰ ਚੀਜ਼ ਦੀ ਕਦਰ ਕਰਨੀ ਚਾਹੀਦੀ ਹੈ। ਅਨੇਕਾਂ ਬਿਮਾਰੀਆਂ ਵਿੱਚ ਉਲਝੇ ਲੋਕ ਅੰਤਾਂ ਦੇ ਦੁੱਖੀ ਹਨ, ਲਗਭਗ ਹਰ ਬੰਦਾ ਦੁੱਖੀ ਹੈ। ਕਈ ਅਜਿਹੇ ਵੀ ਬੰਦੇ ਹਨ ਉਨ੍ਹਾਂ ਨੂੰ ਕਈ-ਕਈ ਬਿਮਾਰੀਆਂ ਇਕੱਠੀਆਂ ਹੀ ਚਿੰਬੜੀਆਂ ਹੋਈਆਂ ਹਨ। ਬਿਮਾਰੀਆਂ ਦੀ ਰਫਤਾਰ ਇੰਨੀ ਕੁ ਵੱਧ ਚੁੱਕੀ ਹੈ ਕਿ ਹਰ ਬੰਦਾ ਇਨ੍ਹਾਂ ਦੀ ਦੌੜ ਵਿੱਚੋਂ ਅੱਗੇ ਨਹੀਂ ਲੰਘ ਰਿਹਾ। ਇਸ ਤੋਂ ਉਲਟ ਬਿਮਾਰੀਆਂ ਬੜੀ ਤੇਜ਼ੀ ਨਾਲ ਬੰਦੇ ਨੂੰ ਪਿੱਛੇ ਛੱਡ ਕੇ ਉਸ ਦੇ ਅਨਮੁੱਲੇ ਜੀਵਨ ਵਿੱਚ ਜ਼ਹਿਰ ਘੋਲ ਰਹੀਆਂ ਹਨ। ਕਾਰਨ ਬੱਸ ਇੱਕੋ ਹੀ ਹੈ। ਸੁਆਦ ਦੀ ਲਲਕ, ਅਕਸਰ ਦੇਸੀ ਦਵਾਈਆਂ ਬੇਸੁਆਦ, ਕੋੜੀਆਂ ਜਾਂ ਫਿੱਕੀਆਂ ਹੁੰਦੀ ਹਨ ਜੋ ਕਿ ਆਮ ਕਰਕੇ ਰੋਗੀ ਜਾਂ ਅੱਜ ਦਾ ਸਵਸਥ ਬੰਦਾ ਉਨ੍ਹਾਂ ਨੂੰ ਲੈਣ ਵਿੱਚ ਆਨਾ ਕਾਨੀ ਕਰਦਾ ਹੈ। ਇਸ ਤੋਂ ਉਲਟ ਪਿਛਲਾ ਜ਼ਮਾਨਾ ਸੀ, ਉਦੋਂ ਦੇ ਬੰਦੇ ਹਰ ਦਵਾਈ ਨੂੰ ਵਰਤੋਂ ਵਿੱਚ ਲਿਆਉਂਦੇ ਸੀ, ਭਾਵੇਂ ਕਿੰਨੀ ਹੀ ਕੋੜੀ ਹੋਵੇ। ਉਹ ਬਿਮਾਰ ਹੋਣ ਤੇ ਵੀ, ਸਵਸਥ ਹੋਣ ਤੇ ਵੀ, ਦੇਸੀ ਜੜੀ ਬੂਟੀਆਂ ਹੀ ਵਰਤਦੇ ਸਨ। ਅੱਜ ਤਾਂ ਕੋੜੀ ਦਵਾਈ ਖਾਣੀ ਹਰ ਬੰਦੇ ਲਈ ਮੁਸ਼ਕਿਲ ਲੱਗਦੀ ਹੈ। ਔਰਤਾਂ ਅਜਿਹੀਆਂ ਦਵਾਈਆਂ ਲੈਣ ਸਮੇਂ ਜ਼ਿਆਦਾ ਔਕੜ ਮਹਿਸੂਸ ਕਰਦੀਆਂ ਹਨ। ਕਈ ਬੰਦੇ ਔਰਤਾਂ ਹੁਣ ਵੀ ਸਰੀਰ ਰਾਜ਼ੀ ਰੱਖਣ ਲਈ ਨਿੰਮ ਦੇ ਪੱਤੇ ਘੋਟ ਕੇ ਆਰਾਮ ਨਾਲ ਪੀ ਲੈਂਦੇ ਹਨ। ਅੱਜ ਤਾਂ ਹਾਜ਼ਮੇ ਇੰਨੇ ਕਮਜ਼ੋਰ ਹੋ ਚੁੱਕੇ ਹਨ ਕਿ ਪੀਂਦੇ ਹੀ ਉਲਟੀ ਰਾਹੀਂ ਦਵਾਈ ਬਾਹਰ ਕੱਢ ਦਿੰਦੇ ਹਨ, ਬੱਸ ਗੋਲੀਆਂ ਕੈਪਸੂਲ ਹੀ ਖਾਣੇ ਸੌਖੇ ਲੱਗਦੇ ਹਨ। ਉਨ੍ਹਾਂ ਦੇ ਅੰਤਾਂ ਦੇ ਨੁਕਸਾਨ ਹਨ। ਕੁਦਰਤ ਦੀਆਂ ਬਖਸ਼ੀਆਂ ਅਨਮੋਲ ਅਤੇ ਨੁਕਸਾਨ ਰਹਿਤ ਜੜੀ ਬੂਟੀਆਂ ਦਾ ਕੋਈ ਵੀ ਨੁਕਸਾਨ ਰਹਿਤ ਜੜੀ ਬੂਟੀਆਂ ਦਾ ਕੋਈ ਵੀ ਨੁਕਸਾਨ ਨਹੀਂ, ਉਸੇ ਕੀਮਤੀ ਅਤੇ ਗੁਣਕਾਰੀ ਪੌਦੇ ਐਲੋਵੇਰਾ ਦੀ ਅੱਜ ਆਪਾਂ ਜਾਣਕਾਰੀ ਲਵਾਂਗੇ।



ਜੋ ਕਿ ਲਗਭਗ ਹਰ ਪਿੰਡ, ਹਰ ਸ਼ਹਿਰ, ਹਰ ਕਸਬੇ ਵਿੱਚ ਤੁਹਾਨੂੰ ਆਮ ਹੀ ਮਿਲ ਜਾਣਗੇ। ਸ਼ਾਇਦ ਤੁਸੀਂ ਸਭ ਇਸ ਦੇ ਅਨਮੁੱਲੇ ਫਾਇਦਿਆਂ ਤੋਂ ਅਣਜਾਣ ਹੋ। ਕਿਉਂਕਿ ਜਦੋਂ ਤੱਕ ਤੁਸੀਂ ਕਿਸੇ ਚੀਜ਼ ਦੀ ਜਾਣਕਾਰੀ ਡੂੰਘਾਈ ਤੱਕ ਤੇ ਚੰਗੀ ਤਰ੍ਹਾਂ ਨਹੀਂ ਲੈਂਦੇ, ਉਦੋਂ ਤੱਕ ਉਹ ਤੁਹਾਨੂੰ ਕੱਖ ਹੀ ਲੱਗਣੀ ਹੈ। ਜਦੋਂ ਤੁਹਾਡੇ ਦਿਮਾਗ ਨੇ ਉਸ ਨੂੰ ਸਮਝ ਲਿਆ ਤਾਂ ਉਹੀ ਚੀਜ਼ ਲੱਖਾਂ ਦੀ ਲੱਗਣੀ ਹੈ। ਉਹੀ ਲੱਖਾਂ ਦੀ ਚੀਜ਼ ਸਾਡੇ ਸਾਹਮਣੇ ਹੁੰਦੇ ਹੋਏ ਵੀ ਕੱਖਾਂ ਦੀ ਸਾਬਿਤ ਹੋ ਰਹੀ ਹੈ। ਕਿਉਂਕਿ ਹਰ ਬੇਸਮਝ ਉਹਨੂੰ ਨਜ਼ਰਅੰਦਾਜ਼ ਹੀ ਕਰ ਰਿਹਾ ਹੈ। ਐਲੋਵੇਰਾ ਕੁਦਰਤ ਦੀ ਅਨਮੁੱਲੀ ਦੇਣ ਹੈ। ਜਿਹਨੂੰ ਘੀ ਗੁਆਰ, ਕੁਆਰ ਗੰਦਲ, ਘਰਿਤ ਕੁਮਾਰੀ ਆਦਿ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਇਹ ਇੱਕ ਮੋਟੇ-ਮੋਟੇ ਹਰੇ-ਹਰੇ ਪੱਤਿਆਂ ਵਾਲਿਆਂ ਵਾਲਾ ਪੌਦਾ ਹੁੰਦਾ ਹੈ। ਇਸ ਦੇ ਪੱਤੇ ਚਾਰੇ ਪਾਸੇ ਫੈਲੇ ਹੁੰਦੇ ਹਨ। ਪੱਤਿਆਂ ਦੇ ਦੋਵੇਂ ਪਾਸੇ ਕੰਢੇ ਹੁੰਦੇ ਹਨ। ਵਿਚਕਾਰ ਤੋਂ ਇਕ ਲੰਬੀ ਟਾਹਣੀ ਨਿਕਲਦੀ ਹੈ, ਜਿਸਨੂੰ ਫੁੱਲ ਲੱਗਦਾ ਹੈ। ਪੱਤਿਆਂ ਨੂੰ ਕੱਟਣ ਤੇ ਇਸ ਦੇ ਵਿੱਚੋਂ ਗੁੱਦਾ (ਜੈਲ) ਨਿਕਲਦਾ ਹੈ। ਇਸ ਦੀਆਂ ਕਈ ਕਿਸਮਾਂ ਹਨ। ਪਰ 5 ਕਿਸਮਾਂ ਹੀ ਖਾਣ ਯੋਗ ਮੰਨੀਆਂ ਗਈਆਂ ਹਨ। ਦੇਸੀ ਐਲੋਵੇਰਾ ਪੰਜਾਬ ਵਿਚ ਆਮ ਹੀ ਉੱਗ ਜਾਂਦਾ ਹੈ। ਇੱਕ ਪੌਦੇ ਤੋਂ ਅਨੇਕਾਂ ਹੀ ਪੌਦੇ ਤਿਆਰ ਕੀਤੇ ਜਾ ਸਕਦੇ ਹਨ। ਇਸ ਨੂੰ ਲਗਾਤਾਰ ਖਾਂਦੇ ਰਹੀਏ ਤਾਂ ਬੁਢਾਪਾ ਨਹੀਂ ਆਉਂਦਾ। ਕਿਉਂਕਿ ਇਸ ਵਿੱਚ ਵਿਟਾਮਿਨ ਏ, ਬੀ 12, ਵਿਟਾਮਿਨ ਸੀ, ਫੋਲਿਕ ਐਸਿਡ, ਕੈਲਸ਼ੀਅਮ, ਮੈਗਨੀਸ਼ੀਅਮ, ਮਿਨਰਲ ਆਦਿ ਹੁੰਦੇ ਹਨ। ਐਨੇ ਗੁਣਾਂ ਦੇ ਬਾਵਜੂਦ ਵੀ ਆਪਣੀ ਧਾਰਣਾ ਇਹ ਹੈ ਕਿ ਇਹ ਗਰਮ ਹੁੰਦਾ ਹੈ। ਜਦੋਂ ਕਿ ਅਜਿਹਾ ਕੁਝ ਵੀ ਨਹੀਂ, ਲੋੜ ਤੋਂ ਵੱਧ ਤਾਂ ਹਰ ਚੀਜ਼ ਦੇ ਨੁਕਸਾਨ ਹਨ। ਪੰਸਾਰੀ ਇਸ ਦੇ ਰਸ ਨਾਲ ਤਿਆਰ ਏਲਵਾ, ਮੁਸਬਰ ਸੁੱਕਾ ਵੇਚਦੇ ਹਨ। ਮੈਂ ਤੁਹਾਨੂੰ ਇਸ ਦੇ ਕ੍ਰਮਵਾਰ ਫਾਇਦੇ ਦੱਸਾਗਾਂ। ਅਸੀਂ ਜੋ ਪੜਿਆ, ਸਿੱਖਿਆ ਇੱਕ ਦੂਜੇ ਤੋਂ ਗਿਆਨ ਲੈ ਕੇ ਸਾਂਝਾ ਕੀਤਾ, ਉਹੀ ਤੁਹਾਡੇ ਨਾਲ ਵੰਡਦੇ ਹਾਂ ਅਤੇ ਤੁਹਾਨੂੰ ਦੱਸਦੇ ਹਾਂ ਤਾਂ ਕਿ ਤੁਸੀਂ ਸਵਸਥ ਰਹੋ। ਕੁਦਰਤ ਨਾਲ ਪਿਆਰ ਕਰੋ, ਕੁਦਰਤੀ ਚੀਜ਼ਾਂ ਵਰਤੋਂ। ਬਿਮਾਰ ਨਾ ਹੋਣ ਦੀ ਸਾਡੀ ਗਾਰੰਟੀ ਹੈ। ਐਲੋਵੇਰਾ ਨੂੰ ਕਈ ਦਵਾਈਆਂ ਵਿੱਚ ਅਨੇਕਾਂ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ। ਜੋ ਤਰੀਕੇ ਸੌਖੇ ਹਨ ਉਹੀ ਤੁਹਾਨੂੰ ਦੱਸਾਂਗਾ।

★ ਸਵੇਰੇ ਉੱਠ ਕੇ ਖਾਲੀ ਪੇਟ ਇਸ ਦਾ ਗੁੱਦਾ ਕੱਢ ਕੇ 1-2 ਚਮਚ ਖਾ ਲਵੋ। ਲਗਾਤਾਰ ਬੇਫਿਕਰ ਹੋ ਕੇ ਖਾਂਦੇ ਰਹੋ। ਇਸ ਨੂੰ ਖਾ ਕੇ ਘੰਟਾ ਕੁਝ ਨਾ ਖਾਵੋ। ਜੋ ਔਰਤ, ਮਰਦ ਸਦਾ ਜਵਾਨ ਰਹਿਣ ਦੀ ਇੱਛਾ ਰੱਖਦੇ ਹੋਣ ਉਹ ਜ਼ਰੂਰ ਖਾਣ ਇਸ ਨਾਲ ਕਬਜ਼, ਗੈਸ, ਪੇਟ ਸਾਫ ਰਹੇਗਾ, ਤਾਕਤ ਮਿਲੇਗੀ, ਚਮੜੀ ਸਦਾ ਜਵਾਨ ਰਹੇਗੀ, ਅਰਥਾਤ ਬੁਢਾਪਾ ਨੇੜੇ ਨਹੀਂ ਆਉਂਦਾ।

★ ਇਸ ਦਾ ਗੁੱਦਾ ਕੱਢ ਕੇ ਛੋਟੇ-ਛੋਟੇ ਪੀਸ ਕਰ ਲਵੋ। ਧੁੱਪ ਵਿੱਚ ਕਈ ਦਿਨ ਰੱਖੋ। ਇਹ ਸੁੱਕ ਜਾਣਗੇ, ਸੁਕਾ ਕੇ ਪਾਊਡਰ ਬਣਾ ਲਵੋ। ਖਾਲੀ ਕੈਪਸੂਲ 500 ਮਿਲੀਗ੍ਰਾਮ ਦੇ ਭਰਕੇ ਰੱਖ ਲਵੋ। ਸਵੇਰੇ ਸ਼ਾਮ ਇੱਕ-ਇੱਕ ਕੈਪਸੂਲ ਖਾਓ। ਉੱਪਰ ਦੱਸੇ ਫਾਇਦੇ ਹੋਣਗੇ। ਇਹ ਉਨ੍ਹਾਂ ਲਈ ਹੈ। ਜਿਨ੍ਹਾਂ ਦੇ ਇਹ ਬੂਟਾ ਨਹੀਂ ਹੈ। ਤਾਜ਼ਾ ਜ਼ਿਆਦਾ ਚੰਗਾ ਹੁੰਦਾ ਹੈ।

★ ਅੱਧਾ ਕੱਪ ਦਹੀਂ ਵਿੱਚ ਦੋ ਚਮਚ ਇਸ ਦਾ ਗੁੱਦਾ ਚੰਗਾ ਤਰ੍ਹਾਂ ਪੀਸ ਕੇ ਮਿਲਾਉ, ਸ਼ੈਂਪੂ ਦੀ ਤਰ੍ਹਾਂ ਵਰਤੋ 20 ਮਿੰਟ ਬਾਅਦ ਧੋ ਦਿਉ। 10 ਦਿਨ ਬਾਅਦ ਕਰਦੇ ਰਹੋ ਵਾਲਾਂ ਦੀ ਚਮਕ ਬਣੀ ਰਹੇਗੀ।

★ ਇਸ ਦਾ ਗੁੱਦਾ 2 ਚਮਚ, 1 ਕੈਪਸੂਲ (ਵਿਟਾਮਿਨ ਈ) ਅੱਧਾ ਨਿੰਬੂ ਰਸ। ਗੁੱਦਾ ਪੀਸ ਕੇ ਉਸ ਵਿੱਚ ਕੈਪਸੂਲ ਕੱਟ ਕੇ ਪਾ ਦਿਓ। ਫਿਰ ਨਿੰਬੂ ਪਾ ਕੇ ਚੰਗੀ ਤਰ੍ਹਾਂ ਮਿਲਾਕੇ ਰੱਖੋ, ਇਹ ਤੁਹਾਡਾ ਮਾਊਥ ਵਾਸ਼ ਹੈ। ਚਿਹਰੇ ਤੇ 2 ਘੰਟੇ ਲਾ ਕੇ ਰੱਖੋ, ਫਿਰ ਹਲਕੇ ਕੋਸੇ ਪਾਣੀ ਨਾਲ ਧੋ ਲਵੋ। ਜਿਹੜੇ ਔਰਤ, ਮਰਦ ਸਦਾ ਚਮਕਦਾ ਚਿਹਰਾ, ਰੰਗ ਰੂਪ ਨਿਖਰਦਾ ਰੱਖਣਾ ਚਾਹੁੰਦੇ ਹਨ, ਉਹ ਹਫਤੇ ਵਿੱਚ 1-2 ਵਾਰ ਇੰਝ ਕਰਦੇ ਰਹਿਣ। ਰੰਗ ਰੂਪ ਕਾਇਮ ਰਹੇਗਾ, ਜਲਦੀ-ਜਲਦੀ ਝੁਰੜੀਆਂ ਨਹੀਂ ਪੈਂਦੀਆਂ।

★ ਅੱਖਾਂ ਦੁਖਦੀਆਂ ਹੋਣ ਤਾਂ ਥੋੜਾ ਜਿਹਾ ਇਹਦਾ ਗੁੱਦਾ, ਥੋੜੀ ਜਿਹੀ ਅਸਲੀ ਹਲਦੀ ਦੋਵੇਂ ਥੋੜਾ ਗਰਮ ਕਰਕੇ ਅੱਖਾਂ ਤੇ ਬੰਨ ਕੇ ਥੋੜਾ ਸਮਾਂ ਪੈ ਜਾਵੋ, ਫਿਰ ਲਾਹ ਦਿਉ। ਅੱਖਾਂ ਦਾ ਦਰਦ ਘੱਟ ਜਾਵੇਗਾ।



★ ਇਸ ਦਾ ਗੁੱਦਾ 10 ਗ੍ਰਾਮ ਖਾਂਦੇ ਰਹਿਣ ਨਾਲ ਇੱਕ ਤਾਂ ਪੇਟ ਸਾਫ ਹੁੰਦਾ ਹੈ। ਦੂਜਾ ਜੋੜਾਂ ਦਾ ਦਰਦ, ਗਠੀਆ, ਕਬਜ਼ ਨਹੀਂ ਹੁੰਦਾ, ਜੋ ਗਠੀਆ ਦਾ ਰੋਗੀ ਹੈ ਉਹ ਲਗਾਤਾਰ ਖਾਵੇ। ਹੌਲੀ ਹੌਲੀ ਗਠੀਆ ਠੀਕ ਹੋਵੇਗਾ। ਗਠੀਆ ਦਾ ਰੋਗ ਵਿਗੜੇਗਾ ਨਹੀਂ, ਦੇਖਿਆ ਗਿਆ ਹੈ ਜਦੋਂ ਗਠੀਏ ਦੇ ਰੋਗੀ ਦੇ ਹੱਥ ਪੈਰ ਵਿੰਗੇ ਹੋਣ ਲੱਗ ਜਾਣ ਫਿਰ ਗਠੀਏ ਦੀ ਵਿਗੜੀ ਕਿਸਮ ਵਿੱਚ ਮੰਨਿਆ ਜਾਂਦਾ ਹੈ। ਸੋ ਇਹਦੇ ਸੇਵਨ ਨਾਲ ਜੋੜਾਂ ਦਾ ਦਰਦ ਅਤੇ ਗਠੀਆ ਹੁੰਦਾ ਹੀ ਨਹੀਂ।

**ਕਮਰ ਦਰਦ ਦੇ ਲੱਡੂ** : ਕਣਕ ਦਾ ਆਟਾ ਅੱਧਾ ਕਿਲੋ, ਐਲੋਵੇਰਾ ਦਾ ਗੁੱਦਾ ਐਨਾ ਕੁ ਪਾਉ ਕਿ ਆਟਾ ਗੁੰਨਣ ਜੋਗਾ ਹੋ ਜਾਵੇ। ਜਿਵੇਂ ਆਪਾਂ ਆਟੇ ਵਿੱਚ ਪਾਣੀ ਪਾ ਕੇ ਆਟਾ ਗੁੰਨਦੇ ਹਾਂ। ਇਸ ਦਾ ਆਟਾ ਗੁੰਨਿਆ ਜਾਵੇ ਤਾਂ ਉਸ ਦੀਆਂ ਰੋਟੀਆਂ ਬਣਾ ਲਵੋ। ਜਦੋਂ ਰੋਟੀ ਤਵੇ ਤੇ ਤਿਆਰ ਹੋ ਜਾਵੇ ਤਾਂ ਉਸ ਦਾ ਪਾਊਡਰ ਬਣਾ ਕੇ ਸ਼ੱਕਰ, ਘੀ ਮਿਲਾਕੇ ਲੱਡੂ ਵੱਟ ਲਵੋ। ਘੀ, ਸ਼ੱਕਰ ਲੋੜ ਮੁਤਾਬਿਕ ਪਾ ਸਕਦੇ ਹੋ। ਇਹ ਲੱਡੂ ਦੁੱਧ ਨਾਲ 1-1 ਰੋਜ਼ ਖਾਉ, ਕਮਰ ਦਰਦ ਵਿੱਚ ਫਾਇਦਾ ਹੋਵੇਗਾ। ਸਰਦੀਆਂ ਵਿੱਚ ਜ਼ਿਆਦਾ ਫਾਇਦੇਮੰਦ ਰਹਿੰਦਾ ਹੈ।

★ ਜੇਕਰ ਕਦੇ ਵੀ ਘਰ ਦਾ ਕੋਈ ਵੀ ਮੈਂਬਰ ਅਚਾਨਕ ਅੱਗ ਨਾਲ ਜਲ ਜਾਵੇ ਤਾਂ ਤੁਰੰਤ ਇਸ ਦਾ ਗੁੱਦਾ ਪੀਸ ਕੇ ਉੱਥੇ ਲਾ ਦਿਉ। ਜਲਣ ਨਹੀਂ ਹੋਵੇਗੀ। ਇਸ ਦਾ ਗੁੱਦਾ ਜ਼ਖਮ ਵੀ ਭਰਦਾ ਹੈ। ਕੈਂਸਰ ਦੇ ਮਰੀਜ਼ਾਂ ਨੂੰ ਜਦੋਂ ਕੀਮੋਥਰੈਪੀ ਦੀਆਂ ਰੇਡੀਏਸ਼ਨਾਂ ਨਾਲ ਜ਼ਖਮ ਹੋ ਜਾਂਦੇ ਹਨ, ਉਨ੍ਹਾਂ ਨੂੰ ਭਰਨ ਵਿੱਚ ਬਹੁਤ ਮਦਦ ਕਰਦਾ ਹੈ।

★ **ਇਸ ਦਾ ਆਚਾਰ** : ਇਸ ਦੇ ਪੱਤੇ ਦੋਵਾਂ ਪਾਸਿਆਂ ਤੋਂ ਕੱਟ ਲਵੋ, ਕੰਢੇ ਨਾ ਰਹਿਣ ਛੋਟੇ-ਛੋਟੇ ਟੁਕੜੇ ਕੱਟਕੇ 5 ਕਿਲੋ ਹੋ ਜਾਣ ਤਾਂ ਉਸ ਵਿੱਚ ਅੱਧਾ ਕਿਲੋ ਨਮਕ ਮਿਲਾ ਕੇ ਇਸ ਨੂੰ ਢੱਕ ਕੇ 2-3 ਦਿਨ ਧੁੱਪ ਵਿੱਚ ਰੱਖੋ। ਵਿੱਚ-ਵਿੱਚ ਨੂੰ ਹਿਲਾਉਂਦੇ ਰਹੋ। 3 ਦਿਨ ਬਾਅਦ 100 ਗ੍ਰਾਮ ਹਲਦੀ, 100 ਗ੍ਰਾਮ ਧਨੀਆ, 100 ਗ੍ਰਾਮ ਜ਼ੀਰਾ, 50 ਗ੍ਰਾਮ ਲਾਲ ਮਿਰਚ, 60 ਗ੍ਰਾਮ ਭੁੰਨੀ ਹਿੰਗ, 300 ਗ੍ਰਾਮ ਅਜਵਾਇਨ, 100 ਗ੍ਰਾਮ ਸੁੰਢ, ਕਾਲੀ ਮਿਰਚ, ਮਗਾਂ ਪੀਸ ਕੇ 60-60 ਗ੍ਰਾਮ, ਲੌਂਗ ਦਾਲਚੀਨੀ ਪਾਊਡਰ, ਸੁਹਾਗਾ ਭੁੰਨਕੇ, ਸਾਰੇ 50-50 ਗ੍ਰਾਮ, ਵੱਡੀ ਇਲਾਇਚੀ 50 ਗ੍ਰਾਮ, ਰਾਈ 300 ਗ੍ਰਾਮ। ਜੋ ਚੀਜ਼ਾਂ ਪੀਸਣ ਵਾਲੀਆਂ ਹਨ, ਉਨ੍ਹਾਂ ਨੂੰ ਮੋਟਾ-ਮੋਟਾ ਕੁੱਟ ਕੇ ਮਿਲਾ ਕੇ ਰੱਖ ਲਵੋ। ਕੁੱਝ ਦਿਨ ਬਾਅਦ ਇਹ ਆਚਾਰ ਖਾਣ ਯੋਗ ਹੋ ਜਾਵੇਗਾ। 3 ਤੋਂ 5 ਗ੍ਰਾਮ ਜਿੰਨਾ ਕੁ ਪਚ ਸਕੇ ਖਾਂਦੇ ਰਹੋ। ਪੇਟ ਰੋਗ, ਕਫ ਰੋਗ, ਵਾਤ ਨਹੀਂ ਹੁੰਦੇ। ਇਹ ਤੁਸੀਂ ਦਾਲ, ਸਬਜ਼ੀ, ਸਾਗ ਆਦਿ ਵਿੱਚ ਮਿਲਾ ਕੇ ਖਾ ਸਕਦੇ ਹੋ। ਜੇ ਤੁਹਾਡੇ ਪੌਦਾ ਹੈ ਤਾਂ ਵਰਤੋਂ ਵਿਚ ਲਿਆਓ, ਜੇ ਨਹੀਂ ਹੈ ਤਾਂ ਆਪਣੇ ਘਰ ਦਾ ਸ਼ਿੰਗਾਰ ਬਣਾਕੇ ਲਗਾਉ ਅਨਮੁੱਲੀਆਂ ਜੜੀ ਬੂਟੀਆਂ, ਰੁੱਖ, ਪੌਦੇ ਤੁਹਾਡੇ ਨੇੜੇ ਤੇੜੇ ਹੀ ਹਨ। ਰੋਗਾਂ ਤੋਂ ਬਚਣਾ ਹੈ ਤਾਂ ਇੰਨਾ ਨੂੰ ਜੀਵਨ ਵਿੱਚ ਵਰਤੋ ਤਾਂ ਕਿ ਆਉਣ ਵਾਲਾ ਸਮਾਂ ਰੋਗ ਮੁਕਤ ਹੋਵੇ ਅਤੇ ਸਾਡੀ ਕੋਸ਼ਿਸ਼ ਵੀ ਰੰਗ ਲਿਆਵੇ।

# ਮੇਹਨਤੀ ਸਿਰੜੀ ਖੁੱਲੇ ਜੁੱਸੇ ਦੇ ਮਾਲਕਾਂ ਨੂੰ ਨਜ਼ਰ ਲੱਗ ਗਈ

ਮੁੱਢਲਾ ਹੱਕ ਮਨੁੱਖੀ ਸ਼੍ਰਿਸ਼ਟੀ ਉੱਪਰ ਸਾਫ ਹਵਾ, ਸੁੱਥਰਾ ਪਾਣੀ ਸੰਤੁਲਨ ਭੋਜਨ ਹੈ। ਮਨੁੱਖ ਦੀ ਸ਼੍ਰਿਸ਼ਟੀ ਉੱਪਰ ਜਨਮ, ਬੁੱਧੀ ਅਤੇ ਪ੍ਰਫੁੱਲਤਾ ਦੇ ਚੱਲਦਿਆਂ ਸ਼ੈਤਾਨ ਚਲਾਕ ਪ੍ਰਵਿਰਤੀ ਵਾਲੇ ਲੋਕਾਂ ਦੇ ਮਨੁੱਖ ਦੇ ਮੁੱਢਲੇ ਹੱਕਾਂ ਦਾ ਹਨਨ ਕੀਤਾ ਇਸ ਤਰ੍ਹਾਂ ਇਹ ਵਰਤਾਰਾ ਲਗਾਤਾਰ ਜਾਰੀ ਹੈ। ਇਸ ਵਰਤਾਰੇ ਨਾਲ ਮਹਾਨ ਯੁੱਧ ਹੋਏ, ਤਕੜੇ ਨੇ ਮਾੜੇ ਨੂੰ ਮਾਰਨ ਦੀ ਸੋਚ ਮਨੁੱਖ ਨੂੰ ਗੁਲਾਮ ਤੇ ਉਸਦੀ ਸੋਚ ਨੂੰ ਗੁਲਾਮ ਕਰਨ ਦਾ ਯਤਨ ਕਰਿਆ। ਇਹ ਸੰਸਾਰ ਪੱਧਰ ਤੇ ਵਾਪਰੀ ਸੰਸਾਰ ਯੁੱਧ ਹੋਏ। ਅਸੀਂ ਮਹਾਨ ਦੇਸ਼ ਦੇ ਵਾਸੀ ਬੁਰੀ ਤਰ੍ਹਾਂ ਮਨੁੱਖੀ ਹੱਕਾਂ ਦਾ ਘਾਟ ਦੇ ਪੀੜਤ ਹਾਂ। ਪਿੱਛਲੇ ਇਕ ਦਹਕੇ ਤੋਂ ਭਾਰਤੀਆਂ ਦੇ ਮੁੱਢਲੇ ਅਧਿਕਾਰਾਂ ਤੇ ਜਿਵੇਂ ਛਾਪਾ ਮਾਰਿਆ ਜਾ ਰਿਹਾ ਹੈ। ਉਹਨਾਂ ਦੀ ਬੋਲਚਾਲ ਦੀ ਅਜ਼ਾਦੀ ਖੋਹੀ ਜਾ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਮੌਜੂਦਾ ਹਕੂਮਤ ਆਮ ਭਲੇ ਦੀ ਗੱਲ ਕਰਦੀ ਹੈ ਲੋਕਾਂ ਲਈ ਨਵੀਂ ਸਕੀਮਾਂ ਘੜਦੀ ਹੈ। ਰੁਜ਼ਗਾਰ ਪ੍ਰਦਾਨ ਕਰਕੇ ਫੋਕੇ ਐਲਾਨ ਕਰਦੀ ਹੈ। ਪਰ ਅਸਲੀ ਗੱਲ ਇਹ ਹੈ ਕਿ ਸਭ ਕਾਰਪੋਰੇਟ ਜਗਤ ਨੂੰ ਸੌਂਪ ਕੇ ਸਿਰਫ ਆਪਣੀ ਰਾਜ ਗੱਦੀ ਪੱਕੀ ਕਰਨ ਦੇ ਆਹਰ ਵਿਚ ਲੱਗੀ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਜਿਸ ਤਰੀਕੇ ਮੌਜੂਦਾ ਦੌਰ ਵਿਚ ਦਿੱਲੀ ਦੀ ਕੇਂਦਰ ਸਰਕਾਰ ਹੁਣ ਕਰ ਰਹੀ ਹੈ। ਸ਼ਾਇਦ ਇਹ ਸਭ ਤੋਂ ਮਨੁੱਖੀ ਅਧਿਕਾਰਾਂ ਉਲੰਘਣਾ ਦੀ ਬਹੁਤ ਵੱਡੀ ਮਿਸਾਲ ਹੈ। ਕਿਸਾਨ ਸ਼ਾਂਤਮਈ ਢੰਗ ਨਾਲ ਦਿੱਲੀ ਦੀ ਬਰੂਹਾਂ ਤੇ ਆਪਣੀਆਂ ਮੰਗਾਂ ਨਾ ਮੰਨੇ ਜਾਣ ਤੇ ਰੋਸ ਪ੍ਰਗਟ ਕਰਨ ਲਈ ਜਾ ਰਹੇ ਹਨ ਉਹ ਨਾ ਉੱਪਰ ਧੂਏ ਵਾਲੇ ਗੋਲੇ ਸੁੱਟਣਾ ਅਤੇ ਉਹਨਾਂ ਨੂੰ ਰੋਕਣਾ ਕੀ ਸੰਵਿਧਾਨ ਚ ਮਿਲੇ ਅਧਿਕਾਰਾਂ ਦੀ ਉਲੰਘਣਾ ਨਹੀਂ ? ਕਿਸਾਨ ਅੰਦੋਲਨ ਦਾ ਘਟਨਕ੍ਰਮ ਸਭ ਦੇ ਸਾਹਮਣੇ ਹੈ। ਇੰਨਾ ਸਮਾਂ ਲੰਘਣ ਤੇ ਕਿਸਾਨਾਂ ਦੀ ਮੰਗਾਂ ਨਾ ਮੰਨਣਾ ਜਾਂ ਨਾਂ ਵਿਚਾਰ ਕਰਨਾ ਤੇ ਫੇਰ ਸਿਰਫ ਗੁੰਮਰਾਹਕੁੰਨ ਬਿਆਨਬਾਜ਼ੀ ਨਾਲ ਉਹਨਾਂ ਦੇ ਅੰਦੋਲਨ ਨੂੰ ਤਾਰਪੀਡੋ ਕਰਨਾ ਕਿੰਨਾ ਕੁ ਜਾਇਜ਼ ਹੈ ? ਇਸ ਤੋਂ ਇਹ ਸਾਬਤ ਹੈ ਸਰਕਾਰ ਦੀਆਂ ਇਹ ਗਰੰਟੀਆਂ ਹਾਥੀ ਦੇ ਦੰਦ ਖਾਣ ਲਈ ਹੋਰ ਦਿਖਾਣ ਲਈ ਕਹਾਵਤ ਸਾਬਤ ਹੋ ਚੁੱਕੀਆਂ ਸਮਾਜਿਕ ਬੇਇਨਸਾਫੀ ਦੇ ਦੌਰ ਵਿਚ ਮਨੁੱਖੀ ਅਧਿਕਾਰਾਂ ਦੀ ਜੋ ਗਰੰਟੀ ਘਟਦੀ ਜਾ ਰਹੀ ਹੈ। ਉਸਨੂੰ ਰੋਕਣਾ ਸਮੇਂ ਦੀ ਜ਼ਰੂਰਤ ਹੈ। ਮਨੁੱਖੀ ਅਧਿਕਾਰ ਕਿਸੇ ਵੀ ਵਿਅਕਤੀ ਨੂੰ ਦੁਰ-ਵਿਵਹਾਰ ਜਾਂ ਮੱਤਭੇਦ ਤੋਂ ਬਚਾਉਂਦਾ ਹੈ। ਕਿਉਂਕਿ ਉਸ ਸਭ ਨੂੰ ਸਰੀਰਕ ਬੌਧਿਕ ਰੂਪ ਵਿਚ ਵਿਕਸਿਤ ਹੋਣ ਦਾ ਬਰਾਬਰ ਦਾ ਅਧਿਕਾਰ ਹੈ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

# ਕਿਸਾਨ ਮੇਲੇ ਤੇ ਝੋਨਾ, ਬਾਸਮਤੀ ਦੀ ਕਾਸ਼ਤ



ਭਗਵਾਨ ਦਾਸ

ਸਾਉਣੀ ਦੀ ਬਿਜਾਈ ਦਾ ਸੀਜ਼ਨ ਤਾਂ ਅਪ੍ਰੈਲ ਤੋਂ ਸ਼ੁਰੂ ਹੁੰਦਾ ਹੈ, ਪ੍ਰੰਤੂ ਇਸ ਸੀਜ਼ਨ 'ਚ ਬੀਜਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਤੇ ਬੀਜਾਂ ਦੀ ਚੋਣ ਸੰਬੰਧੀ ਕਿਸਾਨਾਂ ਨੇ ਹੁਣੇ ਤੋਂ ਵਿਚਾਰਨਾ ਸ਼ੁਰੂ ਕਰ ਦਿੱਤਾ ਹੈ। ਕਿਸਾਨ ਹਾੜ੍ਹੀ-ਸਾਉਣੀ ਦੀਆਂ ਫਸਲਾਂ ਦੇ ਸੁਧਰੇ ਬੀਜ ਕਿਸਾਨ ਮੇਲਿਆਂ 'ਚੋਂ ਖਰੀਦਣ ਲਈ ਉਪਰਾਲੇ ਕਰਦੇ ਹਨ ਕਿਉਂਕਿ ਇਨ੍ਹਾਂ ਮੇਲਿਆਂ 'ਚ ਪੀ.ਏ.ਯੂ., ਆਈ. ਸੀ. ਏ. ਆਰ. - ਆਈ. ਆਈ. ਏ. ਆਰ. ਆਈ. ਅਤੇ ਹੋਰ ਇਨ੍ਹਾਂ ਨਾਲ ਕੋਲੈਬੋਰੇਸ਼ਨ ਕਰ ਕੇ ਕਿਸਾਨ ਸੰਸਥਾਵਾਂ ਵੱਲੋਂ ਕਿਸਾਨਾਂ ਨੂੰ ਸੁਧਰੇ ਅਤੇ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੇ ਵਧੀਆ ਬੀਜ ਮੁਹੱਈਆ ਕੀਤੇ ਜਾਂਦੇ ਹਨ। ਫਸਲਾਂ ਦਾ ਉਤਪਾਦਨ ਤੇ ਉਤਪਾਦਕਤਾ ਵਧਾਉਣ 'ਚ ਜ਼ਿਆਦਾ ਯੋਗਦਾਨ ਇਨ੍ਹਾਂ ਸੰਸਥਾਵਾਂ ਵੱਲੋਂ ਦਿੱਤੇ ਜਾ ਰਹੇ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੇ ਬੀਜਾਂ ਦਾ ਹੁੰਦਾ ਹੈ। ਇਨ੍ਹਾਂ ਮੇਲਿਆਂ 'ਚ ਬੀਜਾਂ ਤੋਂ ਇਲਾਵਾ ਕਿਸਾਨਾਂ ਨੂੰ ਗਿਆਨ-ਵਿਗਿਆਨ, ਨਵੀਂ ਖੇਤੀ ਖੋਜ, ਵਿਗਿਆਨਕ ਤਕਨੀਕਾਂ ਅਤੇ ਹੋਰ ਖੇਤੀ ਸੰਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਕਿਸਾਨ ਇਕ-ਦੂਜੇ ਨਾਲ ਮਿਲ ਕੇ ਚਰਚਾ ਕਰਕੇ ਵੀ ਆਪਣੇ ਤਜਰਬੇ ਸਾਂਝੇ ਕਰਦੇ ਹਨ ਅਤੇ ਵਿਗਿਆਨੀਆਂ ਵਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦਾ ਵੀ ਮੁਲਾਂਕਣ ਕਰਦੇ ਹੋਏ ਬਿਜਾਈ ਸੰਬੰਧੀ ਫੈਸਲੇ ਲੈਂਦੇ ਹਨ। ਇਨ੍ਹਾਂ ਮੇਲਿਆਂ 'ਚ ਕਿਸਾਨਾਂ ਦੀ ਜਾਣਕਾਰੀ ਵਧਾਉਣ ਲਈ ਨੁਮਾਇਸ਼ਾਂ ਵੀ ਲਗਾਈਆਂ ਜਾਂਦੀਆਂ ਹਨ।



ਆਈ. ਸੀ. ਏ. ਆਰ.-ਭਾਰਤੀ ਖੇਤੀ ਖੋਜ ਸੰਸਥਾਨ, ਨਵੀਂ ਦਿੱਲੀ ਪੂਸਾ 'ਚ ਤਿੰਨ ਦਿਨ ਲਈ 24 ਤੋਂ 26 ਫਰਵਰੀ ਤੱਕ 'ਕ੍ਰਿਸ਼ੀ ਵਿਗਿਆਨ ਮੇਲਾ' ਲਗ ਰਹੀ ਹੈ। ਇਹ ਮੇਲਾ ਭਾਰਤ ਦੇ ਸਾਰੇ ਰਾਜਾਂ ਦੇ ਕਿਸਾਨ ਨੂੰ ਸੇਵਾਵਾਂ ਮੁਹੱਈਆ ਕਰੇਗਾ। ਸੰਸਥਾਨ ਦੇ ਸੰਯੁਕਤ ਡਾਇਰੈਕਟਰ (ਐਕਸਟੈਨਸ਼ਨ) ਡਾ. ਆਰ. ਐਨ. ਪਡਾਰੀਆ ਅਨੁਸਾਰ ਭਾਰਤ ਭਰ ਤੋਂ ਇਕ ਲੱਖ ਦੇ ਕਰੀਬ ਵਿਅਕਤੀ ਜਿਨ੍ਹਾਂ 'ਚ ਕਿਸਾਨ, ਖੇਤੀ ਵਪਾਰ ਨਾਲ ਸੰਬੰਧਿਤ ਵਿਅਕਤੀ, ਵੱਖ-ਵੱਖ ਰਾਜਾਂ ਦੇ ਖੇਤੀਬਾੜੀ ਨਾਲ ਸੰਬੰਧਿਤ ਕਰਮਚਾਰੀ ਅਤੇ ਅਫਸਰ, ਵਿਦਿਆਰਥੀ ਅਤੇ ਹੋਰ ਖੇਤੀ ਨਾਲ ਸੰਬੰਧਿਤ ਵਿਅਕਤੀ ਇਸ ਮੇਲੇ 'ਚ ਸ਼ਮੂਲੀਅਤ ਕਰਨਗੇ। ਮੇਲੇ ਦਾ ਵਿਸ਼ਾ 'ਉੱਨਤ ਕ੍ਰਿਸ਼ੀ, ਵਿਕਸਿਤ ਭਾਰਤ' ਹੈ। ਇਸ ਮੌਕੇ ਵਿਸ਼ਾਲ ਖੇਤੀ ਨੁਮਾਇਸ਼ ਵੀ ਲਗਾਈ ਜਾਵੇਗੀ। ਯੋਗ ਚੁਣੇ ਹੋਏ ਕਿਸਾਨਾਂ ਨੂੰ 'ਇੰਨੋਵੇਟਿਵ ਫਾਰਮਰ ਪੁਰਸਕਾਰ' ਅਤੇ 'ਆਈ.ਏ. ਆਰ. ਆਈ.-ਫੈਲੋ ਫਾਰਮਰ' ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਏਗਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਅੰਮ੍ਰਿਤਸਰ ਜ਼ਿਲ੍ਹੇ 'ਚ ਨਾਗ ਕਲਾਂ ਜਹਾਂਗੀਰ ਵਿਖੇ 5 ਮਾਰਚ ਨੂੰ ਕਿਸਾਨ ਮੇਲਾ ਆਯੋਜਿਤ ਕੀਤਾ ਜਾਏਗਾ ਅਤੇ ਸਾਉਣੀ ਦੀਆਂ ਫਸਲਾਂ ਦੇ ਸੁਧਰੇ ਬੀਜ ਵੰਡੇ ਜਾਣਗੇ। ਬੱਲੋਵਾਲ ਸੌਂਖੜੀ ਵਿਖੇ 7 ਮਾਰਚ ਨੂੰ ਕਿਸਾਨ ਮੇਲਾ ਲਗਾਇਆ ਜਾਏਗਾ। ਫਰੀਦਕੋਟ ਵਿਖੇ 11 ਮਾਰਚ ਨੂੰ ਅਤੇ ਗੁਰਦਾਸਪੁਰ ਵਿਖੇ 13 ਮਾਰਚ ਕਿਸਾਨ ਮੇਲੇ ਲਗਾਏ ਜਾਣਗੇ। ਬਠਿੰਡਾ ਜ਼ਿਲ੍ਹੇ 'ਚ ਬਠਿੰਡਾ ਵਿਖੇ 18 ਮਾਰਚ ਨੂੰ ਕਿਸਾਨ ਮੇਲਾ ਆਯੋਜਿਤ ਕੀਤਾ ਜਾਏਗਾ। ਰੌਣੀ (ਪਟਿਆਲਾ) ਵਿਖੇ ਕਿਸਾਨ ਮੇਲਾ 25 ਮਾਰਚ ਨੂੰ ਲਗਾਇਆ ਜਾਏਗਾ। ਮੁੱਖ ਮੇਲਾ ਲੁਧਿਆਣਾ ਵਿਖੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕੈਂਪਸ 'ਚ 2 ਰੋਜ਼ਾ 21 ਅਤੇ 22 ਮਾਰਚ ਨੂੰ ਲਗਾਇਆ ਜਾਏਗਾ। ਇਸ ਤੋਂ ਇਲਾਵਾ ਆਈ. ਸੀ. ਏ. ਆਰ.-ਆਈ. ਏ. ਆਰ. ਆਈ.-ਕੋਲੈਬੋਰੇਟਿਵ ਆਊਟ ਸਟੇਸ਼ਨ ਰਿਸਰਚ ਸੈਂਟਰ ਰੱਖੜਾ ਵਿਖੇ 19 ਮਾਰਚ ਨੂੰ ਵਿਸ਼ੇਸ਼ ਸਿਖਲਾਈ ਕੈਂਪ ਜਿਸ 'ਚ ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਵਲੋਂ ਝੋਨੇ, ਬਾਸਮਤੀ ਅਤੇ ਸਬਜ਼ੀਆਂ ਦੇ ਸੁਧਰੇ ਬੀਜ ਕਿਸਾਨਾਂ ਨੂੰ ਦਿੱਤੇ ਜਾਣਗੇ। ਆਈ. ਏ. ਆਰ. ਆਈ. ਰਿਜਨਲ ਸਟੇਸ਼ਨ ਕਰਨਾਲ ਵਿਖੇ ਕੋਈ ਦਿਨ ਮੁਕੱਰਰ ਕਰਕੇ ਆਈ. ਏ. ਆਰ. ਆਈ. ਵਲੋਂ ਵਿਕਸਿਤ ਕਿਸਮਾਂ ਦੇ ਬੀਜ ਕਿਸਾਨਾਂ ਨੂੰ ਵੰਡੇ ਜਾਣਗੇ।

ਖਰੀਫ ਦੇ ਮੌਸਮ 'ਚ ਝੋਨਾ ਪੰਜਾਬ ਦੀ ਮੁੱਖ ਫਸਲ ਹੈ, ਜਿਸ ਦੀ ਕਾਸ਼ਤ 31 ਤੋਂ 32 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਜਾਂਦੀ ਹੈ। ਇਸ ਝੋਨੇ ਦੀ ਕਾਸ਼ਤ ਅਧੀਨ ਕੁੱਲ ਰਕਬੇ 'ਚੋਂ 24 ਕੁ ਲੱਖ ਹੈਕਟੇਅਰ ਕਰੀਬ ਰਕਬੇ 'ਤੇ ਝੋਨੇ ਦੀਆਂ ਕਿਸਮਾਂ ਕਾਸ਼ਤ ਕੀਤੀਆਂ ਜਾਂਦੀਆਂ ਹਨ ਅਤੇ ਬਾਕੀ ਰਕਬਾ ਬਾਸਮਤੀ ਦੀਆਂ ਕਿਸਮਾਂ ਦੀ ਕਾਸ਼ਤ ਅਧੀਨ ਆਉਂਦਾ ਹੈ। ਇਸ ਸਾਲ ਕਿਸਾਨ ਦੁਬਿਧਾ 'ਚ ਹਨ ਕਿ ਉਹ ਕਿੰਨੀ ਜ਼ਮੀਨ 'ਤੇ ਝੋਨੇ ਦੀ ਕਾਸ਼ਤ ਕਰਨ ਅਤੇ ਕਿੰਨੀ 'ਤੇ ਬਾਸਮਤੀ ਦੀ। ਪਿਛਲੇ ਸਾਲ ਝੋਨੇ ਦੇ ਮੰਡੀਕਰਨ 'ਚ ਕਿਸਾਨਾਂ ਨੂੰ ਬੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਸੀ। ਥੋੜ੍ਹੇ ਸਮੇਂ 'ਚ ਪੱਕਣ ਵਾਲੀ ਝੋਨੇ ਦੀ ਪੀ ਆਰ-126 ਕਿਸਮ ਜੋ ਇਕ ਵੱਡੇ ਰਕਬੇ 'ਤੇ ਲਗਾਈ ਗਈ ਸੀ, ਉਸ ਦੇ ਮੰਡੀਕਰਨ 'ਚ ਕਿਸਾਨਾਂ ਨੂੰ ਬੜੀਆਂ ਮੁਸ਼ਕਿਲਾਂ ਆਈਆਂ ਸਨ। ਇਹ ਫਸਲ ਐਮ. ਐਸ ਪੀ 2320 ਰੁਪਏ ਪ੍ਰਤੀ ਕੁਇੰਟਲ ਤੋਂ ਘੱਟ ਮੁੱਲ 'ਤੇ ਬਹੁਤ ਥਾਵਾਂ 'ਤੇ ਕਿਸਾਨਾਂ ਨੂੰ ਵੇਚਣੀ ਪਈ ਅਤੇ ਨੁਕਸਾਨ ਉਠਾਉਣਾ ਪਿਆ। ਵਪਾਰੀਆਂ ਤੇ ਚੌਲ ਮਿੱਲਾਂ ਵੱਲੋਂ ਕਿਹਾ ਗਿਆ ਕਿ ਉਨ੍ਹਾਂ ਨੂੰ ਇਸ ਕਿਸਮ ਤੋਂ ਚੌਲਾਂ ਦੀ ਵਸੂਲੀ 62-63 ਪ੍ਰਤੀਸ਼ਤ ਹੀ ਹੁੰਦੀ ਹੈ, ਜਦੋਂ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ. ਸੀ. ਆਈ.) ਅਤੇ ਸਰਕਾਰ 67 ਪ੍ਰਤੀਸ਼ਤ ਚੌਲ ਲੈਂਦੇ ਹਨ। ਇਸ ਤਰ੍ਹਾਂ ਵਪਾਰੀ ਤੇ ਚੌਲ ਮਿੱਲਾਂ ਵਾਲੇ ਇਸ ਕਿਸਮ ਨੂੰ ਪੂਰੇ ਭਾਅ ਐਮ. ਐਸ ਪੀ 'ਤੇ ਖਰੀਦਣ ਲਈ ਤਿਆਰ ਨਹੀਂ। ਬਾਸਮਤੀ ਦੀਆਂ ਕਿਸਤਾਂ 'ਚ ਪਿਛਲੇ ਸਾਲ ਦੇ ਮੁਕਾਬਲੇ ਕੀਮਤਾਂ ਮੰਦੇ ਦਾ ਸ਼ਿਕਾਰ ਹੋ ਗਈਆਂ। ਭਾਵੇਂ ਬਾਅਦ 'ਚ ਆ ਕੇ ਮੰਡੀ 'ਚ ਕੁਝ ਤੇਜ਼ੀ ਆ ਗਈ ਅਤੇ ਭਾਅ 3000 ਰੁਪਏ ਪ੍ਰਤੀ ਕੁਇੰਟਲ ਦੇ ਨੇੜੇ ਚੜ੍ਹ ਕੇ ਆ ਗਿਆ। ਪਿਛਲੇ ਸਾਲ ਕਿਸਾਨਾਂ ਨੂੰ 4000 ਰੁਪਏ ਕੁਇੰਟਲ ਤੱਕ ਦੀ ਵੱਟਤ ਵੀ ਹੋਈ ਸੀ। ਕਈ ਕਿਸਮਾਂ ਇਸ ਤੋਂ ਵੀ ਵੱਧ ਭਾਅ 'ਤੇ ਵਿਕੀਆਂ ਸਨ। ਇਸ ਸਾਲ ਕਿਸਾਨ ਫੈਸਲਾ ਲੈਣਗੇ ਕਿ ਝੋਨੇ ਦੀ ਪੀ. ਆਰ-126 ਤੋਂ ਇਲਾਵਾ ਕਿਹੜੀ ਕਿਸਮ ਬੀਜਣ ਜਾਂ ਪੀ ਆਰ-126 ਕਿਸਮ ਹੀ ਬੀਜਣ ਜੇ ਸਰਕਾਰ ਇਸ ਦੀ ਵੱਟਤ ਐਮ. ਐਸ. ਪੀ. 'ਤੇ ਕਰਵਾਉਣਾ ਯਕੀਨੀ ਬਣਾ ਦੇਵੇ। ਆਈ. ਏ. ਆਰ. ਆਈ. ਵਲੋਂ ਵਿਕਸਿਤ ਨਵੀਂ ਬਾਸਮਤੀ ਦੀ ਪੀ ਬੀ-1882 ਕਿਸਮ ਜੋ ਪੱਕਣ ਨੂੰ 134 ਦਿਨ ਲੈਂਦੀ ਹੈ ਅਤੇ 18 ਤੋਂ 20 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ, ਸੋਕੇ ਨੂੰ ਸਹਿਣ ਦੀ ਸਮਰੱਥਾ ਰੱਖਦੀ ਹੈ, ਦੀ ਸਿੱਧੀ ਬਿਜਾਈ ਲਈ ਸਿਫਾਰਸ਼ ਕੀਤੀ ਗਈ ਹੈ, ਇਹ ਕਿਸਮ ਬੀਜਣ ਲਈ ਵੀ ਕਿਸਾਨ ਉਤਾਵਲੇ ਹੋਣਗੇ, ਪਰ ਨਵੀਂ ਕਿਸਮ ਦਾ ਕਿੰਨਾ ਬੀਜ ਕਿਹੜੇ ਕਿਸਾਨਾਂ ਨੂੰ ਮਿਲਦਾ ਹੈ, ਇਹ ਦੇਖਣ ਵਾਲੀ ਗੱਲ ਹੈ। ਇਸ ਕਿਸਮ ਦਾ ਬੀਜ ਆਮ ਕਿਸਾਨਾਂ ਨੂੰ ਖੁੱਲ੍ਹਾ ਦਿੱਤੇ ਜਾਣ ਦੀ ਕੋਈ ਸੰਭਾਵਨਾ ਨਹੀਂ। ਇਸ ਤੋਂ ਇਲਾਵਾ



ਆਈ ਸੀ ਏ ਆਰ-ਆਈ ਏ ਆਰ ਆਈ (ਪੂਸਾ) ਨੇ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਝੋਨੇ ਦੀਆਂ ਪੂਸਾ-2090 ਅਤੇ ਪੂਸਾ-1824 ਕਿਸਮਾਂ ਵਿਕਸਿਤ ਕੀਤੀਆਂ ਹਨ। ਇਹ ਕਿਸਮਾਂ ਪੱਕਣ ਨੂੰ 120 ਤੋਂ 130 ਦਿਨ ਲੈਂਦੀਆਂ ਹਨ ਅਤੇ ਉਤਪਾਦਕਤਾ ਤਰਤੀਬਵਾਰ 89 ਕੁਇੰਟਲ ਅਤੇ 98 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਹੈ। ਇਨ੍ਹਾਂ ਦੋਵੇਂ ਕਿਸਮਾਂ ਦਾ ਬੀਜ ਵੀ ਪੰਜਾਬ ਦੇ ਕਿਸਾਨਾਂ ਨੂੰ ਲੋੜੀਂਦੀ ਮਿਕਦਾਰ 'ਚ ਉਪਲਬਧ ਨਹੀਂ ਹੋਵੇਗਾ। ਬਾਸਮਤੀ ਦਾ ਬੜਾ ਉੱਜਵਲ ਭਵਿੱਖ ਹੈ ਅਤੇ ਬਾਸਮਤੀ ਦੇ ਨਾਮਵਰ ਐਕਸਪੋਰਟਰ ਵਿਜੇ ਸੇਤੀਆ ਅਨੁਸਾਰ ਇਸ ਦੀ ਬਰਾਮਦ ਵਧਣ ਦੀ ਵੀ ਬੜੀ ਸੰਭਾਵਨਾ ਹੈ। ਭਾਰਤ 'ਚ ਘਰੇਲੂ ਬਾਸਮਤੀ ਦੀ ਖਪਤ ਵੀ ਵਧ ਰਹੀ ਹੈ, ਜਿਸ ਕਰਕੇ ਬਾਸਮਤੀ ਦੀਆਂ ਲਾਹੇਵੰਦ ਕੀਮਤਾਂ ਦਾ ਮੰਡੀਕਰਨ ਸੁਭਾਵਿਕ ਹੈ। ਪੂਸਾ ਆਈ ਸੀ ਏ ਆਰ-ਆਈ ਏ ਆਰ ਆਈ. ਵਲੋਂ ਬਾਸਮਤੀ ਦੀਆਂ ਵਧੇਰੇ ਲਾਹੇਵੰਦ ਕਿਸਮਾਂ ਜਿਵੇਂ ਪੂਸਾ ਬਾਸਮਤੀ-1985, ਪੂਸਾ ਬਾਸਮਤੀ-1979, ਪੂਸਾ ਬਾਸਮਤੀ-1692, ਪੀ ਬੀ-1847, ਪੀ ਬੀ-1885 ਅਤੇ ਪੀ ਬੀ-1886 ਤੋਂ ਇਲਾਵਾ ਵੀ ਵਿਕਸਿਤ ਕਰ ਕੇ ਰਿਲੀਜ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਝਾੜ ਵੱਧ ਅਤੇ ਚੌਲ ਵਧੀਆ ਹੋਣ ਕਾਰਨ ਕਿਸਾਨਾਂ ਨੂੰ ਲਾਹੇਵੰਦ ਰਹਿਣਗੀਆਂ। ਬਾਸਮਤੀ ਦੀ ਕਾਸ਼ਤ ਥੱਲੇ ਰਕਬਾ ਲਿਆਉਣ ਸੰਬੰਧੀ ਉਹ ਇਹ ਕਿਸਮਾਂ ਦੀ ਸਫਲਤਾ 'ਤੇ ਵੀ ਵਿਚਾਰ ਕਰਨਗੇ।

ਇਨ੍ਹਾਂ ਕਿਸਾਨ ਮੇਲਿਆਂ 'ਚ ਸੁਧਾਰ ਲਿਆਉਣ ਦੀ ਲੋੜ ਹੈ। ਇਹ ਪਿਛਲੇ ਕੁੱਝ ਸਾਲਾਂ ਤੋਂ ਮੇਲੇ ਰਾਜਨੀਤੀ ਤੇ ਵਪਾਰ ਦਾ ਕੇਂਦਰ ਬਣਦੇ ਜਾ ਰਹੇ ਹਨ। ਮੇਲੇ ਆਯੋਜਿਤ ਕਰਨ ਵਾਲਿਆਂ ਦਾ ਕਿਸਾਨਾਂ ਨੂੰ ਗਿਆਨ-ਵਿਗਿਆਨ ਮੁਹੱਈਆ ਕਰਨ ਦੀ ਬਜਾਏ ਵਧੇਰੇ ਧਿਆਨ ਬੀਜਾਂ ਦੀ ਵਿਕਰੀ ਵੱਲ ਹੁੰਦਾ ਹੈ ਅਤੇ ਜੋ ਫਰਮਾਂ ਨੁਮਾਇਸ਼ਾਂ ਲਗਾਉਂਦੀਆਂ ਹਨ, ਉਹ ਆਪਣਾ ਮਾਲ ਵੇਚਣ ਦੇ ਉਪਰਾਲੇ ਕਰਦੀਆਂ ਹਨ। ਉਨ੍ਹਾਂ ਦੇ ਮਾਲ ਦੀ ਸ਼ੁੱਧਤਾ ਅਤੇ ਗਰੰਟੀ ਦੀ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ। ਇਹ ਨੁਮਾਇਸ਼ਾਂ ਵਪਾਰ ਦਾ ਕੇਂਦਰ ਬਣਦੀਆਂ ਜਾਂਦੀਆਂ ਹਨ। ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਜ਼ਰੂਰਤ ਹੈ।

## ਬੁਢਲਾਡਾ ਦਾ ਕਿਸਾਨ ਰਮਨਦੀਪ ਸਿੰਘ ਤਿੰਨ ਸਾਲ ਤੋਂ ਬਿਨਾਂ ਪਰਾਲੀ ਸਾੜੇ ਕਰ ਰਿਹੈ ਕਣਕ ਦੀ ਸਿੱਧੀ ਬਿਜਾਈ

### ਡੀ.ਸੀ. ਤੇ ਐਸ.ਐਸ.ਪੀ. ਨੇ ਕਿਸਾਨ ਦੀ ਕੀਤੀ ਹੌਂਸਲਾ ਅਫਜਾਈ

ਬੁਢਲਾਡਾ ਦਾ ਵਸਨੀਕ ਅਗਾਂਹਵਧੂ ਕਿਸਾਨ ਰਮਨਦੀਪ ਸਿੰਘ ਧਾਲੀਵਾਲ ਪਿਛਲੇ ਤਿੰਨ ਸਾਲ ਤੋਂ ਆਪਣੀ 30 ਕਿੱਲੇ ਜ਼ਮੀਨ ਵਿੱਚ ਬਿਨਾਂ ਪਰਾਲੀ ਨੂੰ ਅੱਗ ਲਗਾਏ ਕਣਕ ਦੀ ਸਿੱਧੀ ਬਿਜਾਈ ਕਰ ਰਿਹੈ ਅਤੇ ਹੋਰਨਾਂ ਕਿਸਾਨਾਂ ਲਈ ਪ੍ਰੇਰਨਾਸ੍ਰੋਤ ਬਣਿਆ ਹੋਇਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਕਿਸਾਨ ਰਮਨਦੀਪ ਦੇ ਖੇਤ ਪਹੁੰਚ ਕੇ ਉਸ ਦੀ ਹੌਂਸਲਾ ਅਫਜਾਈ ਕਰਨ ਮੌਕੇ ਕੀਤਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੂਜੇ ਕਿਸਾਨ ਵੀ ਅਜਿਹੇ ਕਿਸਾਨਾਂ ਤੋਂ ਸੇਧ ਲੈ ਕੇ ਪਰਾਲੀ ਨੂੰ ਅੱਗ ਨਾ ਲਗਾਉਣ ਬਲਕਿ ਇਸ ਨੂੰ ਮਸ਼ੀਨਰੀ ਦੀ ਵਰਤੋਂ ਰਾਹੀਂ ਮਿੱਟੀ ਵਿੱਚ ਰਲਾਉਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ 8 ਹਜ਼ਾਰ ਤੋਂ ਵਧੇਰੇ ਮਸ਼ੀਨਰੀ ਪਰਾਲੀ ਪ੍ਰਬੰਧਨ ਲਈ ਉਪਲੱਬਧ ਹੈ। ਕੁਲਵੰਤ ਸਿੰਘ ਨੇ ਕਿਹਾ ਕਿ ਕਿਸਾਨ ਇਨ ਸੀਟੂ ਅਤੇ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਕਰ ਸਕਦੇ ਹਨ, ਜਿਸ ਦੇ ਲਈ ਜ਼ਿਲ੍ਹੇ ਅੰਦਰ 115 ਬੇਲਰ ਅਤੇ 3 ਹਜ਼ਾਰ ਦੇ ਕਰੀਬ ਸੁਪਰ ਸੀਡਰ ਉਪਲੱਬਧ ਹਨ।

ਐਸ. ਐਸ. ਪੀ. ਭਾਗੀਰਥ ਸਿੰਘ ਮੀਨਾ ਨੇ ਕਿਹਾ ਕਿਸਾਨ ਸਿਵਲ ਤੇ ਪੁਲਿਸ ਪ੍ਰਸ਼ਾਸ਼ਨ ਦਾ ਸਹਿਯੋਗ ਕਰਦਿਆਂ ਕਾਨੂੰਨ ਦੀ ਉਲੰਘਣਾ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਵਿੱਚ ਜਿਸ ਵੀ ਕਿਸਾਨ ਨੂੰ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਖੇਤੀਬਾੜੀ ਵਿਭਾਗ ਦੇ ਨੇੜਲੇ ਦਫਤਰ ਜਾਂ ਐਸ. ਡੀ. ਐਮ. ਦਫਤਰ ਵਿਖੇ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਅਗਾਂਹਵਧੂ ਕਿਸਾਨ ਰਮਨਦੀਪ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕੁਦਰਤ ਦੀ ਸਾਂਭ-ਸੰਭਾਲ ਲਈ ਪਰਾਲੀ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨ ਅਤੇ ਨਾਲ ਹੀ ਝੋਨੇ ਦੀ ਫ਼ਸਲ ਤੋਂ ਹੋਰ ਬਦਲਵੀਆਂ ਫ਼ਸਲਾਂ ਦੀ ਕਾਸ਼ਤ ਕਰਨ ਨੂੰ ਤਰਜ਼ੀਹ ਦੇਣ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵੀ ਵਾਧਾ ਹੋਵੇ ਅਤੇ ਧਰਤੀ ਹੇਠਲਾ ਪਾਣੀ ਤੇ ਵਾਤਾਵਰਨ ਦਾ ਬਚਾਅ ਹੋ ਸਕੇ।




# ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦੀ ਬੇ-ਮੌਸਮੀ ਸਰਵਪੱਖੀ ਰੋਕਥਾਮ

ਬੇ-ਮੌਸਮੀ ਰੋਕਥਾਮ ਕਰਨ ਨਾਲ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਨੂੰ ਆਉਣ ਵਾਲੇ ਸੀਜ਼ਨ ਦੌਰਾਨ ਠੱਲ ਪਾਉਣ ਲਈ ਹੇਠ ਲਿਖੇ ਨੁਕਤੇ ਅਪਨਾਉ :

★ ਖੇਤਾਂ ਵਿਚ ਪਈਆਂ ਛਟੀਆਂ ਦੇ ਢੇਰ ਨੂੰ ਕੱਟ ਕੇ ਜਾਂ ਛਟੀਆਂ ਨੂੰ ਜ਼ਮੀਨ ਤੇ ਮਾਰ ਮਾਰ ਕੇ ਅਣਖਿੜੇ ਟੀਂਡੇ ਅਤੇ ਸਿੱਕਰੀਆਂ ਨੂੰ ਝਾੜ ਦਿਓ ਜਾਂ ਤੋੜ ਲਵੋ । ਇਸ ਤਰ੍ਹਾਂ ਇਕੱਠੀਆਂ ਹੋਈਆਂ ਸਿੱਕਰੀਆਂ ਅਤੇ ਟੀਂਡਿਆਂ ਦੇ ਢੇਰ ਨੂੰ ਜਲਦੀ ਨਸ਼ਟ ਕਰ ਦਿਓ ।

★ ਕਪਾਹ ਦੀਆਂ ਛਟੀਆਂ



ਇਕੱਠੀਆਂ ਕਰਕੇ ਛਾਵੇਂ ਜ਼ਮੀਨ ਦੇ ਸਮਾਂਨੰਤਰ ਰੱਖਣ ਨਾਲ ਸੁਸਤ ਹਾਲਤ ਵਿਚ ਟੀਂਡੇ ਦੀ ਗੁਲਾਬੀ ਸੁੰਡੀ ਗਰਮੀਆਂ ਵਿਚ ਘੱਟ ਮਰਦੀ ਹੈ । ਛਟੀਆਂ ਨੂੰ ਵੱਢ ਕੇ ਖੇਤ ਵਿਚ ਰੱਖਣ ਨਾਲ ਇਹ ਕੀੜੇ ਬਹੁਤ ਛੇਤੀ ਫੈਲਦੇ ਹਨ । ਨਰਮੇ ਦੀਆਂ ਛਟੀਆਂ ਦੇ ਢੇਰ ਖੇਤ ਵਿਚ ਨਾ ਲਗਾਓ, ਸਗੋਂ ਪਿੰਡ ਵਿਚ ਲਾਓ । ਛਟੀਆਂ ਦੀਆਂ ਭਰੀਆਂ ਦੇ ਢੇਰ ਖੜ੍ਹਵੇਂ ਅਤੇ ਰੁੱਖ/ਦਰੱਖਤ ਆਦਿ ਦੀ ਛਾਂ ਤੋਂ ਪਰੇ ਲਾਓ ।



★ ਰੂੰ ਮਿੱਲ੍ਹਾਂ ਵਿਚ ਪਏ ਨਰਮੇ ਨੂੰ ਖੁੱਲ੍ਹੇ ਵਿਚ ਨਾ ਰੱਖੋ ਸਗੋਂ ਇਸ ਨੂੰ ਪੋਲੀਥੀਨ ਸ਼ੀਟ ਨਾਲ ਢੱਕ ਦਿਓ ।

★ ਮਾਰਚ ਦੇ ਅਖੀਰ ਤੱਕ ਨਰਮੇ ਨੂੰ ਵੇਲ ਲੈਣਾ ਚਾਹੀਦਾ ਹੈ ਅਤੇ ਵੇਲਾਈ ਸਮੇਂ ਦੀ ਸਾਰੀ ਬੱਚ-ਖੁਚ ਨਸ਼ਟ ਕਰ ਦਿਓ ।

★ ਅਪ੍ਰੈਲ-ਮਈ ਦੇ ਮਹੀਨੇ ਜੇਕਰ ਤੇਲ ਮਿੱਲ੍ਹਾਂ / ਰੂੰ ਮਿੱਲ੍ਹਾਂ ਵਿਚ ਬੀਜਾਂ ਦਾ ਭੰਡਾਰ ਰੱਖਿਆ ਹੋਵੇ ਤਾਂ ਇਸ ਨੂੰ ਹਮੇਸ਼ਾਂ ਢੱਕ ਕੇ ਰੱਖੋ ਕਿਉਂਕਿ ਇਨ੍ਹਾਂ ਵਿੱਚੋਂ ਗੁਲਾਬੀ ਸੁੰਡੀ ਦੇ ਪਤੰਗੇ ਨਿਕਲ ਕੇ ਨੇੜ ਬੀਜੇ ਗਏ ਨਰਮੇ ਤੇ ਵਧੇਰੇ ਹਮਲਾ ਕਰਦੇ ਹਨ ।

★ ਰੂੰ ਮਿੱਲ੍ਹਾਂ ਅਤੇ ਤੇਲ ਮਿੱਲ੍ਹਾਂ ਦੇ ਨੇੜੇ ਫਿਰੋਮੋਨ ਟਰੈਪ ਜ਼ਰੂਰ ਲਗਾਓ ਤਾਂ ਜੋ ਗੁਲਾਬੀ ਸੁੰਡੀ ਦੇ ਹਮਲੇ ਦਾ ਜਲਦੀ ਪਤਾ ਲੱਗ ਸਕੇ ।

★ ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖਾਲਿਆਂ ਦੀ ਵੱਟਾਂ ਅਤੇ ਬੇਕਾਰ ਪਈ ਜ਼ਮੀਨ ਵਿਚੋਂ ਚਿੱਟੀ ਮੱਖੀ ਅਤੇ ਲੀਫ ਕਰਲ (ਪੱਤਾ ਮਰੋੜ) ਬਿਮਾਰੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਕਾਂਗਰਸ ਘਾਹ, ਧਤੂਰਾ, ਭੰਗ, ਗੁੱਤ ਪੁੱਟਣਾ, ਭੱਖੜਾ, ਇੱਟਸਿਟ ਅਤੇ ਤਾਂਦਲਾ ਆਦਿ ਨੂੰ ਨਸ਼ਟ ਕਰੋ ।

★ ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਖੀਰਾ, ਚੱਪਣ ਕੱਦੂ, ਤਰ, ਆਲੂ, ਟਮਾਟਰ ਆਦਿ ਤੇ ਵੀ ਪਾਇਆ ਜਾਂਦਾ ਹੈ, ਇਸ ਲਈ ਫਰਵਰੀ ਮਹੀਨੇ ਤੋਂ ਇਨ੍ਹਾਂ ਫਸਲਾਂ ਤੋਂ ਇਲਾਵਾ ਨਰਮੇ, ਮੂੰਗੀ ਉੱਪਰ ਅਪ੍ਰੈਲ ਮਹੀਨੇ ਤੋਂ ਲਗਾਤਾਰ ਸਰਵੇਖਣ ਕਰਦੇ ਰਹੋ ।

★ ਚਿੱਟੀ ਮੱਖੀ ਅਤੇ ਪੱਤਾ ਮਰੋੜ ਬਿਮਾਰੀ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਦੇਸੀ ਕਪਾਹ ਦੀ ਬਿਜਾਈ ਦੀ ਤਰਜੀਹ ਦਿਓ ।

ਵਿਜੈ ਕੁਮਾਰ ਅਤੇ ਅਮਨਦੀਪ ਕੌਰ,
ਕੀਟ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
ਮੋਬਾਇਲ : 97794-51214

# ਰੰਗਲੇ ਪੰਜਾਬ ਦੀ ਸਿਰਜਣਾ ਲਈ ਪ੍ਰਾਪਤੀਆਂ, ਪਹਿਲਕਦਮੀਆਂ ਅਤੇ ਉਮੀਦਾਂ

ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਦੀ ਅਗਵਾਈ ਵਿੱਚ ਸਾਡੇ ਪੁਰਖਿਆਂ ਵੱਲੋਂ ਤਿਆਰ ਕੀਤਾ ਸੰਵਿਧਾਨ ਲਾਗੂ ਹੋਣ ਨਾਲ 26 ਜਨਵਰੀ, 1950 ਦੀ ਸ਼ੁੱਭ ਸਵੇਰ ਨੂੰ ਭਾਰਤ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਜਮਹੂਰੀ ਅਤੇ ਧਰਮ ਨਿਰਪੱਖ ਗਣਰਾਜ ਬਣਿਆ।

ਇਹ ਸਾਡੇ ਸਾਰਿਆਂ ਲਈ ਸੱਚਮੁੱਚ ਮਾਣ ਦਾ ਪਲ ਸੀ ਕਿਉਂਕਿ ਸਾਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਤਾਕਤ ਮਿਲੀ, ਜਿਸ ਨਾਲ ਸਾਡੇ ਵਡੇਰਿਆਂ ਵੱਲੋਂ 'ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ' ਸਰਕਾਰ ਦਾ ਦੇਖਿਆ ਸੁਪਨਾ ਪੂਰਾ ਕਰਨ ਦਾ ਮੌਕਾ ਮਿਲਿਆ। ਪਿਛਲੇ 75 ਸਾਲਾਂ ਦੌਰਾਨ ਹਰ ਲੰਘਦੇ ਦਿਨ ਨਾਲ ਦੇਸ ਵਿੱਚ ਜਮਹੂਰੀਅਤ ਮਜ਼ਬੂਤ ਹੋਈ ਹੈ ਕਿਉਂਕਿ ਦੇਸ਼ ਵਾਸੀਆਂ ਨੇ ਜਮਹੂਰੀ ਕਦਰਾਂ-ਕੀਮਤਾਂ ਵਿੱਚ ਅਟੁੱਟ ਵਿਸਵਾਸ ਦਾ ਪ੍ਰਗਟਾਵਾ ਕੀਤਾ ਅਤੇ ਬਿਨਾਂ ਕਿਸੇ ਭੈਅ ਦੇ ਮਤਦਾਨ ਕਰ ਕੇ ਸਪੱਸਟ ਫੈਸਲਾ ਦਿੱਤਾ। ਇਸੇ ਤਰ੍ਹਾਂ ਭਾਰਤੀਆਂ ਖ਼ਾਸ ਕਰ ਕੇ ਪੰਜਾਬੀਆਂ ਨੇ ਦੇਸ਼ ਦੀ ਸਖਤ ਮਿਹਨਤ ਨਾਲ ਹਾਸਲ ਕੀਤੀ ਪ੍ਰਭੂਸੱਤਾ ਨੂੰ ਕਿਸੇ ਵੀ ਤਰ੍ਹਾਂ ਦੇ ਖਤਰੇ ਦਾ ਡਟ ਕੇ ਸਾਹਮਣਾ ਕੀਤਾ ਹੈ।

ਸਾਡੇ ਬਹਾਦਰ ਦੇਸ਼ ਭਗਤਾਂ ਨੇ ਦੇਸ਼ ਦੀ ਸ਼ਾਨ ਅਤੇ ਪ੍ਰਭੂਸੱਤਾ ਦੀ ਰਾਖੀ ਲਈ 1947, 1962, 1965, 1971 ਦੀ ਜੰਗ ਅਤੇ ਫਿਰ ਕਾਰਗਿਲ ਜੰਗ ਦੌਰਾਨ ਦੇਸ਼ ਦੀ ਰਾਖੀ ਕਰਨ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਹਨ। ਸਾਡੇ ਸਾਰਿਆਂ ਲਈ ਇਹ ਬਹੁਤ ਹੀ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬੀਆਂ ਨੂੰ ਸਾਡੇ ਮਹਾਨ ਸਿੱਖ ਗੁਰੂਆਂ ਤੋਂ ਬਲੀਦਾਨ ਅਤੇ ਦੇਸ਼ ਭਗਤੀ ਦਾ ਅਦੁੱਤੀ ਜਜ਼ਬਾ ਵਿਰਸੇ ਵਿਚ ਮਿਲਿਆ ਹੈ, ਜਿਨ੍ਹਾਂ ਨੇ ਸਾਨੂੰ ਜਬਰ, ਜ਼ੁਲਮ ਅਤੇ ਅਨਿਆਂ ਵਿਰੁੱਧ ਲੜਨ ਦਾ ਉਪਦੇਸ ਦਿੱਤਾ ਹੈ। ਇਕ ਸੁਤੰਤਰ ਅਤੇ ਪ੍ਰਭੂਸੱਤਾ ਸੰਪੰਨ ਭਾਰਤੀ ਗਣਰਾਜ ਦਾ ਸਾਡੇ ਵੱਡੇ-ਵਡੇਰਿਆਂ ਵੱਲੋਂ ਦੇਖਿਆ ਗਿਆ ਸੁਪਨਾ ਦੇਸ਼ ਵਾਸੀਆਂ ਵੱਲੋਂ ਸ਼ਕਤੀਸਾਲੀ ਬਰਤਾਨਵੀ ਸਾਮਰਾਜ ਵਿਰੁੱਧ ਲੜਾਈ ਦੌਰਾਨ ਦਿੱਤੀਆਂ ਗਈਆਂ ਬੇਸ਼ੁਮਾਰ ਕੁਰਬਾਨੀਆਂ ਸਦਕਾ ਪੂਰਾ ਹੋਇਆ। ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਵੱਲੋਂ ਦਿੱਤੀਆਂ ਬੇਮਿਸਾਲ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਦੇਸ਼ ਦੇ ਹਜ਼ਾਰਾਂ ਅਣਗੌਲੇ ਨਾਇਕਾਂ ਖ਼ਾਸ ਕਰ ਕੇ ਪੰਜਾਬ ਦੀ ਧਰਤੀ ਦੇ ਸਪੂਤਾਂ ਵੱਲੋਂ ਸੁਤੰਤਰਤਾ ਸੰਗਰਾਮ ਵਿੱਚ ਪਾਇਆ ਮੋਹਰੀ ਯੋਗਦਾਨ ਕਿਸੇ ਤੋਂ ਲੁਕਿਆ ਨਹੀਂ ਹੈ। ਇਸ ਬਹਾਦਰੀ ਨੇ ਲੱਖਾਂ ਹੋਰ ਲੋਕਾਂ ਨੂੰ ਸੁਤੰਤਰਤਾ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਆ। ਮੁਲਕ ਦੀ ਆਬਾਦੀ ਦਾ ਸਿਰਫ਼ ਦੋ ਫੀਸਦੀ ਹੋਣ ਦੇ ਬਾਵਜੂਦ ਭਾਰਤ ਦੇ ਸੁਤੰਤਰਤਾ ਸੰਗਰਾਮ ਦੌਰਾਨ 80 ਫੀਸਦੀ ਕੁਰਬਾਨੀਆਂ ਜਾਂ ਜਲਾਵਤਨੀ ਪੰਜਾਬੀਆਂ ਦੇ ਹਿੱਸੇ ਆਈ। ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਕੂਕਾ, ਗਦਰ, ਕਿਸਾਨ, ਪਗੜੀ ਸੰਭਾਲ ਤੇ ਹੋਰ ਲਹਿਰਾਂ ਤੋਂ ਇਲਾਵਾ ਪੰਜਾਬ ਦੀ ਧਰਤੀ ਨੇ ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ ਅਤੇ ਹੋਰ ਸਪੂਤਾਂ ਨੂੰ ਜਨਮ ਦਿੱਤਾ, ਜਿਨ੍ਹਾਂ ਮੁਲਕ ਨੂੰ ਬਰਤਾਨਵੀ ਸਾਮਰਾਜ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਆਜ਼ਾਦ ਕਰਵਾਇਆ।

ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਸ਼ਹੀਦ ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੀਆਂ ਕੁਰਬਾਨੀਆਂ ਨੇ ਨੌਜਵਾਨਾਂ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਜੂਝਣ ਦੀ ਚਿਣਗ ਲਾਈ। ਇਸੇ ਤਰ੍ਹਾਂ ਜੱਲ੍ਹਿਆਂਵਾਲਾ ਬਾਗ ਦਾ ਦੁਖਾਂਤ ਜਾਬਰ ਬਰਤਾਨਵੀ ਰਾਜ ਦੇ ਕਫ਼ਨ ਵਿੱਚ ਆਖ਼ਰੀ ਕਿੱਲ ਸਾਬਤ ਹੋਇਆ। ਆਜ਼ਾਦੀ ਤੋਂ ਬਾਅਦ ਬਾਹਰੀ ਹਮਲਿਆਂ ਤੋਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਤੋਂ ਇਲਾਵਾ ਪੰਜਾਬੀ ਹਮੇਸ਼ਾ ਦੇਸ਼ ਦੀ ਖ਼ੁਸ਼ਹਾਲੀ ਤੇ ਸਮੁੱਚੇ ਵਿਕਾਸ ਵਿੱਚ ਮੋਹਰੀ ਭੂਮਿਕਾ ਵਿੱਚ ਰਹੇ।

ਸੰਕਟ ਦੇ ਸਮੇਂ ਵੀ ਅਸੀਂ ਬਹਾਦਰ ਪੰਜਾਬੀਆਂ ਨੇ ਕਦੇ ਪਿੱਠ ਨਹੀਂ ਦਿਖਾਈ, ਸਗੋਂ ਦੇਸ਼ ਦੇ ਸੰਵਿਧਾਨ ਵਿੱਚ ਪੂਰਨ ਵਿਸਵਾਸ ਰੱਖ ਕੇ ਜਮਹੂਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕੀਤਾ ਹੈ। ਪੰਜਾਬ ਦੇ ਕਿਸਾਨਾਂ ਨੇ ਸੂਬੇ ਦੇ ਸੀਮਤ ਕੁਦਰਤੀ ਸਰੋਤਾਂ ਦੇ ਬਾਵਜੂਦ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਲਈ ਆਪਣਾ ਖ਼ੂਨ-ਪਸੀਨਾ ਵਹਾਇਆ ਹੈ। ਸੂਬੇ ਦੇ ਬਹਾਦਰ ਸੈਨਿਕਾਂ ਨੇ 1947, 1962, 1965, 1971 ਅਤੇ ਕਾਰਗਿਲ ਜੰਗ ਤੋਂ ਇਲਾਵਾ ਦੇਸ਼ ਨੂੰ ਅੰਦਰੂਨੀ ਬਗਾਵਤ ਤੋਂ ਬਚਾਉਣ ਅਤੇ ਅਮਨ ਤੇ ਕਾਨੂੰਨ ਨੂੰ ਕਾਇਮ ਰੱਖਣ ਲਈ ਅਣਗਿਣਤ ਕੁਰਬਾਨੀਆਂ ਦੇ ਕੇ ਆਪਣੀ ਮਾਤ ਭੂਮੀ ਦੀ ਰੱਖਿਆ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਕਾਇਮ ਰੱਖਿਆ ਹੈ।

ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਮੌਜੂਦਾ ਸਾਲ ਦੌਰਾਨ ਸਿੱਖਿਆ, ਰੋਜ਼ਗਾਰ ਅਤੇ ਸਿਹਤ ਖੇਤਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਦੀਆਂ ਬਰੂਹਾਂ ਉੱਤੇ ਹੈ। ਸਿੱਖਿਆ, ਸਿਹਤ ਅਤੇ ਰੋਜ਼ਗਾਰ ਸਾਡੇ ਸਮਾਜ ਦੇ ਤਿੰਨ ਮਹੱਤਵਪੂਰਨ ਥੰਮ੍ਹ ਹਨ ਪਰ ਬਦਕਿਸਮਤੀ ਨਾਲ ਪਿਛਲੀਆਂ ਸੂਬਾ ਸਰਕਾਰਾਂ ਦੇ ਕਾਰਜਕਾਲ ਦੌਰਾਨ ਇਨ੍ਹਾਂ ਖੇਤਰਾਂ ਨੂੰ ਹੁਣ ਤੱਕ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ। ਹੁਣ ਅਹੁਦਾ ਸੰਭਾਲਣ ਤੋਂ ਬਾਅਦ ਮੇਰੀ ਸਰਕਾਰ ਇਨ੍ਹਾਂ ਜਨਤਕ ਮਹੱਤਤਾ ਵਾਲੇ ਖੇਤਰਾਂ ਦੇ ਵਿਕਾਸ 'ਤੇ ਜ਼ੋਰ ਦੇ ਰਹੀ ਹੈ।

ਮੌਜੂਦਾ ਸਾਲ ਦੌਰਾਨ ਸੂਬਾ ਸਰਕਾਰ ਇਨ੍ਹਾਂ ਖ਼ੇਤਰਾਂ ਨੂੰ ਸੁਰਜੀਤ ਕਰੇਗੀ ਤਾਂ ਜੋ ਲੋਕਾਂ ਨੂੰ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਯਕੀਨੀ ਬਣਾਇਆ ਜਾ ਸਕੇ। ਇਨ੍ਹਾਂ ਖ਼ੇਤਰਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੱਧ ਤੋਂ ਵੱਧ ਲੋਕ ਇਸ ਤੋਂ ਲਾਭ ਲੈ ਸਕਣ। ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਕਿਉਂਕਿ ਇਹ ਖੇਤਰ ਸਿੱਧੇ ਤੌਰ 'ਤੇ ਲੋਕਾਂ ਦੀ ਭਲਾਈ ਨਾਲ ਜੁੜੇ ਹੋਏ ਹਨ ਅਤੇ ਚਾਲੂ ਸਾਲ ਦੌਰਾਨ ਇਨ੍ਹਾਂ ਤਿੰਨਾਂ ਖੇਤਰਾਂ ਵਿੱਚ ਵੱਡੀਆਂ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ।



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਲੋਕਾਂ ਦੀ ਭਲਾਈ ਯਕੀਨੀ ਬਣਾਉਣ ਲਈ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਦੇ ਆਦਰਸ਼ਾਂ ਉੱਤੇ ਚੱਲਦਿਆਂ ਸਾਡੀ ਸਰਕਾਰ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ। ਇਹ ਮੰਦਭਾਗਾ ਹੈ ਕਿ ਸਾਡੇ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਵਰਗੇ ਮਹਾਨ ਕੌਮੀ ਨਾਇਕਾਂ ਦੇ ਸੁਪਨੇ ਹਾਲੇ ਵੀ ਅਧੂਰੇ ਹਨ। ਆਜਾਦੀ ਤੋਂ ਬਾਅਦ ਦੇ ਦਹਾਕਿਆਂ ਦੌਰਾਨ ਸੂਬੇ ਵਿੱਚ ਸੱਤਾ ਸੰਭਾਲਣ ਵਾਲੀਆਂ ਬਹੁਤ ਸਾਰੀਆਂ ਸਰਕਾਰਾਂ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਸਨ, ਪਰ ਜ਼ਿਆਦਾਤਰ ਸਰਕਾਰਾਂ ਨੇ ਭ੍ਰਿਸਟਾਚਾਰ, ਗਰੀਬੀ, ਬੇਰੋਜ਼ਗਾਰੀ ਅਤੇ ਹੋਰ ਬਹੁਤ ਸਾਰੀਆਂ ਅਲਾਮਤਾਂ ਦਿੱਤੀਆਂ, ਜੋ ਪੰਜਾਬ ਵਿੱਚ ਅਜੇ ਵੀ ਡੂੰਘੀਆਂ ਜੜ੍ਹਾਂ ਲਾਈ ਬੈਠੀਆਂ ਹਨ।

ਇਸ ਲਈ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਸਾਡੇ ਮਹਾਨ ਆਜਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਣਥੱਕ ਯਤਨ ਕਰ ਰਹੀ ਹੈ। ਸਾਡੀ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਦੇਸ ਵਿੱਚ ਮੋਹਰੀ ਸੂਬਾ ਬਣ ਕੇ ਉਭਰਿਆ ਹੈ ਅਤੇ ਸੂਬੇ ਵਿੱਚ ਤਰੱਕੀ, ਖੁਸਹਾਲੀ ਅਤੇ ਅਮਨ ਦਾ ਬੇਮਿਸਾਲ ਦੌਰ ਦੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ ਸਾਫ-ਸੁਥਰਾ, ਕੁਸਲ, ਜਵਾਬਦੇਹ ਅਤੇ ਪਾਰਦਰਸ਼ੀ ਸ਼ਾਸਨ ਪ੍ਰਦਾਨ ਕਰਨ ਦੇ ਇੱਕੋ-ਇੱਕ ਉਦੇਸ਼ ਨਾਲ ਸੂਬੇ ਵਿੱਚ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਅਸੀਂ ਪੰਜਾਬ ਦੀ ਸ਼ਾਨ ਬਹਾਲ ਕਰਨ ਲਈ ਹਰ ਸੰਭਵ ਯਤਨ ਕਰ ਰਹੇ ਹਾਂ।

ਮੇਰੀ ਸਰਕਾਰ ਨੇ ਕਈ ਲੋਕ-ਪੱਖੀ ਅਤੇ ਵਿਕਾਸਮੁਖੀ ਪਹਿਲਕਦਮੀਆਂ ਕੀਤੀਆਂ ਹਨ ਤਾਂ ਜੋ ਇਸ ਦੇਸ਼ ਦੇ ਬਾਨੀਆਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ ਅਤੇ ਲੋਕ ਆਜ਼ਾਦੀ ਦਾ ਨਿੱਘ ਮਾਣ ਸਕਣ। ਸਿਹਤ, ਸਿੱਖਿਆ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚਾ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਪੰਜ ਮੁੱਖ ਤਰਜੀਹਾਂ ਹਨ ਅਤੇ ਅਸੀਂ ਸੂਬੇ ਨੂੰ ਉੱਚ ਵਿਕਾਸ ਦੇ ਰਾਹ 'ਤੇ ਲਿਆਉਣ ਲਈ ਲਗਾਤਾਰ ਯਤਨ ਕਰ ਰਹੇ ਹਾਂ।

## ਸੜਕ ਸੁਰੱਖਿਆ ਫੋਰਸ

ਸੂਬਾ ਸਰਕਾਰ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਨਿਵੇਕਲੀ ਪਹਿਲਕਦਮੀ ਤਹਿਤ ਸੂਬਾਈ ਅਤੇ ਰਾਸਟਰੀ ਰਾਜਮਾਰਗਾਂ 'ਤੇ ਸੁਰੱਖਿਆ ਯਕੀਨੀ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਸਮਰਪਿਤ ਸੜਕ ਸੁਰੱਖਿਆ ਫੋਰਸ ਦੀ ਸ਼ੁਰੂਆਤ ਕੀਤੀ ਹੈ। ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਨਵੇਂ ਭਰਤੀ ਕੀਤੇ 1597 ਕਰਮਚਾਰੀ ਇਸ ਫੋਰਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ 144 ਵਾਹਨ ਮੁਹੱਈਆ ਕਰਵਾਏ ਗਏ ਹਨ ਅਤੇ ਪਿਛਲੇ ਸਾਲ ਇਸ ਦੀ ਸ਼ੁਰੂਆਤ ਤੋਂ ਬਾਅਦ ਇਸ ਫੋਰਸ ਨੇ ਸੜਕ ਹਾਦਸਿਆਂ ਵਿੱਚ ਜਖ਼ਮੀ ਹੋਏ ਲੋਕਾਂ ਦਾ ਪੈਸਾ ਤੇ ਸਾਮਾਨ ਵਾਪਸ ਕਰਨ ਦੇ ਨਾਲ-ਨਾਲ 48 ਫੀਸਦੀ ਜਾਨਾਂ ਬਚਾਈਆਂ ਹਨ। ਇਸ ਫੋਰਸ ਨੂੰ ਸਾਰੇ ਹਾਈਵੇਅ ਦੇ 4200 ਕਿਲੋਮੀਟਰ ਦੇ ਖ਼ੇਤਰ ਵਿੱਚ ਤਾਇਨਾਤ ਕੀਤਾ ਹੈ, ਜੋ ਨਿਰਧਾਰਤ ਖੇਤਰਾਂ ਵਿੱਚ ਗਸ਼ਤ ਕਰਨ ਤੋਂ ਇਲਾਵਾ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨੂੰ ਰੋਕਣ ਦਾ ਕੰਮ ਵੀ ਕਰ ਰਹੀ ਹੈ।

## ਸਿਹਤ ਬੁਨਿਆਦੀ ਢਾਂਚਾ

ਸੂਬਾ ਸਰਕਾਰ ਸਿਹਤ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ ਅਤੇ ਹਾਲ ਹੀ ਵਿੱਚ 58 ਨਵੀਆਂ ਹਾਈ-ਟੈੱਕ ਐਂਬੂਲੈਂਸਾਂ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੀਆਂ ਗਈਆਂ ਹਨ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਇਹ ਐਂਬੂਲੈਂਸਾਂ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਲਈ ਉਪਲਬਧ ਹੋਣ। ਇਨ੍ਹਾਂ ਐਂਬੂਲੈਂਸਾਂ ਦੇ ਇਸ ਫਲੀਟ ਵਿੱਚ ਸ਼ਾਮਲ ਹੋਣ ਦੇ ਨਾਲ ਸੂਬੇ ਭਰ ਵਿੱਚ ਲੋਕਾਂ ਦੀ ਸੇਵਾ ਲਈ ਲੱਗੀਆਂ ਕੁੱਲ ਐਂਬੂਲੈਂਸਾਂ ਦੀ ਗਿਣਤੀ 325 ਹੋ ਗਈ ਹੈ। ਇਨ੍ਹਾਂ ਅਤਿ-ਆਧੁਨਿਕ ਐਂਬੂਲੈਂਸਾਂ ਨੂੰ ਸ਼ਹਿਰੀ ਖੇਤਰਾਂ ਵਿੱਚ 15 ਮਿੰਟ ਅਤੇ ਪੇਂਡੂ ਖੇਤਰਾਂ ਵਿੱਚ 20 ਮਿੰਟਾਂ ਵਿੱਚ ਲੋੜਵੰਦ ਮਰੀਜ਼ਾਂ ਤੱਕ ਪਹੁੰਚਣਾ ਲਾਜ਼ਮੀ ਕੀਤਾ ਗਿਆ ਹੈ।

ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਮੋਹਾਲੀ ਵਿਖੇ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਾਇਲਰੀ ਸਾਇੰਸਜ਼ ਦੀ ਸਥਾਪਨਾ ਕੀਤੀ ਗਈ ਹੈ। ਇਹ ਅਤਿ-ਆਧੁਨਿਕ ਇੰਸਟੀਚਿਊਟ ਦੇਸ਼ ਦਾ ਦੂਜਾ ਅਤੇ ਪੰਜਾਬ ਦਾ ਪਹਿਲਾ ਅਜਿਹਾ ਅਦਾਰਾ ਹੈ, ਜਿਸ ਕੋਲ ਆਧੁਨਿਕ ਮਸ਼ੀਨਾਂ ਪ੍ਰਾਈਵੇਟ ਹਸਪਤਾਲਾਂ ਤੋਂ ਵੀ ਜ਼ਿਆਦਾ ਹਨ। ਇਸ ਤੋਂ ਇਲਾਵਾ ਸੂਬਾ ਸਰਕਾਰ ਰਾਜ ਵਿੱਚ 45 ਜਣੇਪਾ ਅਤੇ ਬਾਲ ਸੰਭਾਲ ਕੇਂਦਰ ਸਥਾਪਤ ਕਰ ਰਹੀ ਹੈ, ਜਿਨ੍ਹਾਂ ਵਿੱਚੋਂ 37 ਪਹਿਲਾਂ ਹੀ ਲੋਕਾਂ ਨੂੰ ਸਮਰਪਿਤ ਹਨ।

## ਆਮ ਆਦਮੀ ਕਲੀਨਿਕ

ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ, ਜਿਨ੍ਹਾਂ ਨੇ ਸੂਬੇ ਵਿੱਚ ਸਿਹਤ ਸੰਭਾਲ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਸੂਬੇ ਵਿੱਚ ਹੁਣ ਤੱਕ 2.5 ਕਰੋੜ ਤੋਂ ਵੱਧ ਲੋਕ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਚੁੱਕੇ ਹਨ ਅਤੇ ਰੋਜ਼ਾਨਾ ਸਾਰੇ ਹਸਪਤਾਲਾਂ ਵਿੱਚ ਆਉਣ ਵਾਲੇ ਮਰੀਜ਼ਾਂ ਵਿੱਚੋਂ 95 ਫੀਸਦੀ ਤੋਂ ਵੱਧ ਮਰੀਜ ਇਨ੍ਹਾਂ ਕਲੀਨਿਕਾਂ ਵਿੱਚ ਆਉਂਦੇ ਹਨ। ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਕਲੀਨਿਕਾਂ ਵਿੱਚ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ, ਜੋ ਦਰਸਾਉਂਦਾ ਹੈ ਕਿ ਸੂਬੇ ਦਾ ਹਰੇਕ ਤੀਜਾ ਵਿਅਕਤੀ ਇਨ੍ਹਾਂ ਕਲੀਨਿਕਾਂ ਤੋਂ ਲਾਭ ਲੈ ਰਿਹਾ ਹੈ।

## ਮੁਫ਼ਤ ਬਿਜਲੀ

ਸੂਬਾ ਸਰਕਾਰ ਨੇ 2022 ਵਿੱਚ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਗਰੰਟੀ ਲਾਗੂ ਕੀਤੀ ਸੀ ਅਤੇ ਉਦੋਂ ਤੋਂ ਸੂਬੇ ਦੇ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਇਸ ਨਾਲ ਗਰੀਬ ਪਰਿਵਾਰਾਂ ਦੇ ਸਾਲਾਨਾ ਘੱਟੋ-ਘੱਟ 35,000 ਰੁਪਏ ਦੀ ਬੱਚਤ ਕਰ ਕੇ ਆਮ ਆਦਮੀ ਦੀ ਜੇਬ ਤੋਂ ਵੱਡਾ ਬੋਝ ਘਟਾਇਆ ਹੈ। ਇਹ ਵੀ ਬੇਹੱਦ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਘਰੇਲੂ ਖਪਤਕਾਰਾਂ ਦੇ ਨਾਲ-ਨਾਲ ਦੇਸ਼ ਦੇ ਅਨਾਜ ਉਤਪਾਦਕਾਂ ਨੂੰ ਵੀ ਸੂਬੇ ਵਿੱਚ ਮੁਫ਼ਤ ਅਤੇ ਨਿਰਵਿਘਨ ਬਿਜਲੀ ਮਿਲ ਰਹੀ ਹੈ।

## ਸਿੱਖਿਆ ਕ੍ਰਾਂਤੀ

ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ "ਪੰਜਾਬ ਸਿੱਖਿਆ ਕ੍ਰਾਂਤੀ" ਦੀ ਸ਼ੁਰੂਆਤ ਕੀਤੀ ਹੈ, ਜਿਸ ਤਹਿਤ ਸੂਬਾ ਸਰਕਾਰ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਬਣਾਉਣ ਲਈ ਵਚਨਬੱਧ ਹੈ, ਜੋ ਵਿਗਿਆਨਕ ਸਿੱਖਿਆ ਲਈ ਸਮਾਰਟ ਕਲਾਸਰੂਮਾਂ, ਅਤਿ-ਆਧੁਨਿਕ ਲੈਬਾਂ ਅਤੇ ਖੇਡ ਮੈਦਾਨਾਂ ਨਾਲ ਲੈਸ ਹੋਣਗੇ। ਸੂਬਾ ਸਰਕਾਰ ਦੇ ਯਤਨਾਂ ਸਦਕਾ ਸਰਕਾਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਜਮਾਤਾਂ ਵਿੱਚ ਦਾਖਲਾ ਲਗਪਗ 17 ਫੀਸਦੀ ਵਧਿਆ ਹੈ। ਅਧਿਆਪਕਾਂ ਦੀ ਮੁਹਾਰਤ ਨੂੰ ਉੱਚਾ ਚੁੱਕਣ ਲਈ ਵਿਸੇਸ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਵਿਦੇਸਾਂ ਵਿੱਚ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਵਿਦਿਆਰਥੀਆਂ ਨੂੰ ਅੰਤਰਰਾਸਟਰੀ ਪੱਧਰ ਦੇ ਮੁਕਾਬਲਿਆਂ ਲਈ ਤਿਆਰ ਕਰਨ ਲਈ ਅਧਿਆਪਨ ਦੀਆਂ ਆਧੁਨਿਕ ਜੁਗਤਾਂ ਤੋਂ ਜਾਣੂ ਹੋ ਸਕਣ।

## ਨਹਿਰੀ ਪਾਣੀ

ਜਦੋਂ ਮੈਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ ਤਾਂ ਉਸ ਮੌਕੇ ਸੂਬੇ ਵਿੱਚ ਸਿੰਜਾਈ ਲਈ ਸਿਰਫ 21 ਫੀਸਦੀ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ। ਇਹ ਬੜੇ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਅੱਜ ਸਿੰਜਾਈ ਲਈ 72 ਫੀਸਦੀ ਨਹਿਰੀ ਪਾਣੀ ਵਰਤਿਆ ਜਾ ਰਿਹਾ ਹੈ। ਇਸ ਨਾਲ ਟੇਲਾਂ ਉਤੇ ਕਿਸਾਨਾਂ ਤੱਕ ਪਾਣੀ ਪਹੁੰਚਾਉਣ ਨੂੰ ਯਕੀਨੀ ਬਣਾਇਆ ਗਿਆ ਹੈ, ਜੋ ਦਹਾਕਿਆਂ ਤੋਂ ਨਹਿਰੀ ਪਾਣੀ ਤੋਂ ਮਹਿਰੂਮ ਰਹੇ।

## ਮਾਲਵਾ ਨਹਿਰ

ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਮੇਰੀ ਸਰਕਾਰ ਨੇ ਸੂਬੇ ਵਿੱਚ ਮਾਲਵਾ ਨਹਿਰ ਦੀ ਉਸਾਰੀ ਦਾ ਕਾਰਜ ਸ਼ੁਰੂ ਕਰਵਾਇਆ ਜਦਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਕਿਸਾਨਾਂ ਦੀਆਂ ਲੋੜਾਂ ਵੱਲ ਧਿਆਨ ਨਹੀਂ ਦਿੱਤਾ। 150 ਕਿਲੋਮੀਟਰ ਲੰਮੀ ਨਵੀਂ ਨਹਿਰ ਨਾਲ ਸੂਬਾ ਖਾਸ ਕਰਕੇ ਮਾਲਵਾ ਖਿੱਤਾ ਲਾਮਿਸਾਲ ਤਰੱਕੀ ਤੇ ਖੁਸ਼ਹਾਲੀ ਦੇ ਨਵੇਂ ਦੌਰ ਵਿੱਚ ਪ੍ਰਵੇਸ਼ ਕਰੇਗਾ। ਸੂਬਾ ਸਰਕਾਰ ਇਸ ਮਾਣਮੱਤੇ ਪ੍ਰਾਜੈਕਟ ਉਤੇ 2300 ਕਰੋੜ ਰੁਪਏ ਖਰਚੇਗੀ, ਜਿਸ ਨਾਲ ਸੂਬੇ ਦੀ ਦੋ ਲੱਖ ਏਕੜ ਜਰਖੇਜ਼ ਜ਼ਮੀਨ ਦੀਆਂ ਸਿੰਜਾਈ ਲੋੜਾਂ ਦੀ ਪੂਰਤੀ ਹੋਵੇਗੀ।

## ਸਰਕਾਰ ਤੁਹਾਡੇ ਦੁਆਰ

ਨਾਗਰਿਕ ਕੇਂਦਰਿਤ ਉਪਰਾਲੇ ਤਹਿਤ ਸੂਬਾ ਸਰਕਾਰ ਨੇ ਘਰ-ਘਰ ਸੇਵਾਵਾਂ ਪਹੁੰਚਾਉਣ ਲਈ ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਤਾਂ ਕਿ ਲੋਕਾਂ ਨੂੰ ਉਨ੍ਹਾਂ ਦੇ ਦਰ ਉਤੇ ਜਾ ਕੇ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਸਕੀਮ ਦੇ ਘੇਰੇ ਵਿੱਚ 43 ਨਾਗਰਿਕ ਸੇਵਾਵਾਂ ਲਿਆਂਦੀਆਂ ਗਈਆਂ, ਜੋ ਲੋਕਾਂ ਦੇ ਰੋਜ਼ਮੱਰਾ ਦੇ 99 ਫੀਸਦੀ ਪ੍ਰਸ਼ਾਸਕੀ ਕਾਰਜਾਂ ਨਾਲ ਸਬੰਧਤ ਹਨ।

## ਉਦਯੋਗਿਕ ਵਿਕਾਸ

ਪੰਜਾਬ ਸਰਕਾਰ ਸੂਬੇ ਵਿੱਚ ਨਿਵੇਸ਼ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਵੱਡੇ ਉਪਰਾਲੇ ਕਰ ਰਹੀ ਹੈ। ਸਾਡੇ ਇਨ੍ਹਾਂ ਯਤਨਾਂ ਨੂੰ ਬੂਰ ਪਿਆ ਅਤੇ ਮੇਰੀ ਸਰਕਾਰ ਨੇ ਸੂਬੇ ਵਿੱਚ 85000 ਕਰੋੜ ਰੁਪਏ ਤੋਂ ਵੱਧ ਨਿਵੇਸ਼ ਲਿਆਂਦਾ ਜਿਸ ਨਾਲ ਪੰਜਾਬ ਆ ਰਹੀਆਂ ਟਾਟਾ ਸਟੀਲ, ਸਨਾਥਨ ਟੈਕਸਟਾਈਲ ਵਰਗੀਆਂ ਵੱਡੀਆਂ ਕੰਪਨੀਆਂ ਵਿੱਚ 3.50 ਲੱਖ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਹਾਸਲ ਹੋਣਗੇ। ਸੂਬਾ ਸਰਕਾਰ ਨੇ ਸੇਲ ਡੀਡ ਦੀ ਰਜਿਸਟ੍ਰੇਸ਼ਨ ਲਈ ਗਰੀਨ ਸਟੈਂਪ ਪੇਪਰ ਦੀ ਸ਼ੁਰੂਆਤ ਕੀਤੀ ਤਾਂ ਕਿ ਉਦਯੋਗਿਕ ਪ੍ਰਾਜੈਕਟਾਂ ਲਈ ਪ੍ਰਵਾਨਗੀ ਦੇਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾ ਸਕੇ।

## ਨੌਕਰੀਆਂ ਤੇ ਰੋਜ਼ਗਾਰ

ਬੀਤੇ ਵਿੱਤੀ ਸਾਲ ਦੌਰਾਨ ਮੇਰੀ ਸਰਕਾਰ ਨੇ 1332 ਪਲੇਸਮੈਂਟ ਕੈਂਪ/ਰੋਜ਼ਗਾਰ ਮੇਲਿਆਂ/ਸਵੈ-ਰੋਜ਼ਗਾਰ ਕੈਂਪਾਂ ਰਾਹੀਂ 1,11,810 ਉਮੀਦਵਾਰਾਂ ਨੂੰ ਨੌਕਰੀਆਂ ਤੇ ਸਵੈ-ਰੋਜ਼ਗਾਰ ਦਿਵਾਉਣ ਵਿੱਚ ਸਹਾਇਤਾ ਕੀਤੀ। ਯੋਗ ਉਮੀਦਵਾਰਾਂ ਨੂੰ ਮੈਰਿਟ ਦੇ ਆਧਾਰ ਉਤੇ ਸਰਕਾਰੀ ਨੌਕਰੀਆਂ ਦੇਣ ਦੇ ਸਫਰ ਨੂੰ ਜਾਰੀ ਰੱਖਦੇ ਹੋਏ ਨੌਜਵਾਨਾਂ ਨੂੰ ਹੁਣ ਤੱਕ 50,000 ਤੋਂ ਵੱਧ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਪਿਛਲੇ ਲਗਪਗ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਰੋਜ਼ਾਨਾ ਔਸਤਨ 51 ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦਿੱਤੀ ਗਈ।

## ਭ੍ਰਿਸ਼ਟਾਚਾਰ ਖਿਲਾਫ ਸਖਤੀ

ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਣ ਮੌਕੇ ਇਹ ਅਹਿਦ ਲਿਆ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਵਿੱਚ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਜੰਗ ਹੋਰ ਤੇਜ਼ ਕਰੇਗੀ। ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੰਬਰ 9501200200 ਦੀ ਸ਼ੁਰੂਆਤ ਕੀਤੀ ਜਿਸ ਤਹਿਤ ਕੋਈ ਵੀ ਵਿਅਕਤੀ ਰਿਸ਼ਵਤ ਮੰਗਣ ਵਾਲਿਆਂ ਦੇ ਖਿਲਾਫ ਸ਼ਿਕਾਇਤ ਦਾਇਰ ਕਰ ਸਕਦਾ ਹੈ। ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਮੇਰੀ ਸਰਕਾਰ ਨੇ ਭ੍ਰਿਸ਼ਟਾਚਾਰੀਆਂ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ। ਇਸ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਰਿਸ਼ਵਤ ਦੇ ਦੋਸ਼ਾਂ ਹੇਠ ਗਜ਼ਟਿਡ ਅਫਸਰਾਂ, ਨਾਨ-ਗਜ਼ਟਿਡ ਅਫਸਰਾਂ ਅਤੇ ਪ੍ਰਾਈਵੇਟ ਵਿਅਕਤੀਆਂ ਦੇ ਖਿਲਾਫ ਕਾਰਵਾਈ ਕੀਤੀ ਜਿਨ੍ਹਾਂ ਨੂੰ ਵੱਢੀ ਲੈਂਦਿਆਂ ਰੰਗੇ ਹੱਥੀਂ ਫੜਿਆ ਗਿਆ।

*ਮੈਂ ਪੰਜਾਬ ਨੂੰ ਮੁੜ ਖੁਸਹਾਲ ਅਤੇ ਦੇਸ ਦਾ ਮੋਹਰੀ ਸੂਬਾ ਬਣਾਉਣ ਦੇ ਸਫਰ ਵਿੱਚ ਸਮੂਹ ਪੰਜਾਬੀਆਂ ਨੂੰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਾ ਹਾਂ।*

**ਜੈ ਹਿੰਦ!**

# ਵਿਕਾਸ ਦਰ ਰੋਕ ਰਿਹਾ ਆਬਾਦੀ ਵਿਸਫੋਟ



**ਡਾ. ਸ. ਸ. ਛੀਨਾ,**
**ਅਮੈਰੀਟਸ ਪ੍ਰੋਫੈਸਰ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ**

ਭਾਰਤ ਵਸੋਂ ਦੀ ਦੌੜ ਵਿਚ ਤਿੰਨ ਮਾਰਚ 2023 ਨੂੰ ਚੀਨ ਤੋਂ ਅੱਗੇ ਲੰਘ ਗਿਆ ਸੀ ਪਰ ਇਸ ਦੇ ਬਾਵਜੂਦ ਉਸ ਨੇ ਵਸੋਂ ਦਾ ਚੀਨ ਤੋਂ ਤਿੰਨ ਗੁਣਾ ਜ਼ਿਆਦਾ ਭਾਰ ਉਠਾਇਆ ਹੋਇਆ ਹੈ ਕਿਉਂ ਜੋ ਚੀਨ ਦੀ ਵਸੋਂ ਘਣਤਾ (ਇਕ ਕਿਲੋਮੀਟਰ ਵਿਚ ਵਸੋਂ) ਸਿਰਫ 118.58 ਪ੍ਰਤੀ ਵਰਗ ਕਿਲੋਮੀਟਰ ਹੈ ਜਦ ਕਿ ਭਾਰਤ ਦੀ ਇਹ 431.11 ਹੈ। ਭਾਵੇਂ ਪਿਛਲੇ 4 ਦਹਾਕੇ ਭਾਰਤ ਦੀ ਵਸੋਂ ਦਾ ਸਾਧਨਾਂ 'ਤੇ ਵੱਡਾ ਭਾਰ ਰਿਹਾ ਹੈ ਜਦਕਿ ਚੀਨ 'ਤੇ ਇਹ ਇੰਨਾ ਨਹੀਂ ਸੀ।

ਭਾਰਤ ਦਾ ਭੂਗੋਲਿਕ ਖੇਤਰ ਦੁਨੀਆ ਦਾ ਸਿਰਫ 2.4 ਫੀਸਦੀ ਹੈ, ਜਦਕਿ ਵਸੋਂ ਦੁਨੀਆਂ ਦੀ 17.3 ਫੀਸਦੀ ਅਤੇ ਪਾਣੀ ਦੇ ਸਾਧਨ ਵੀ ਸਿਰਫ 4 ਫੀਸਦੀ ਹਨ ਭਾਵੇਂ ਕਿ ਭਾਰਤ ਦੀ 60 ਫੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ ਜਿਸ ਲਈ ਪਾਣੀ ਉਪਜ ਦੀ ਮੁੱਢਲੀ ਅਤੇ ਮਹੱਤਵਪੂਰਨ ਆਗਤ (ਜ਼ਰੂਰਤ) ਹੈ। ਵਸੋਂ ਅਜੇ ਵੀ 0.68 ਫੀਸਦੀ ਦੀ ਦਰ ਨਾਲ ਹਰ ਸਾਲ ਵਧ ਰਹੀ ਹੈ ਜਿਹੜੀ 2050 ਤੱਕ 166 ਕਰੋੜ ਹੋ ਜਾਵੇਗੀ।

ਸੰਨ 1980 ਦੇ ਸੰਜੇ ਗਾਂਧੀ ਦੇ ਯੁੱਗ ਤੋਂ ਬਾਅਦ ਭਾਰਤ ਨੇ ਵਸੋਂ ਦੇ ਤੇਜ਼ ਵਾਧੇ ਨੂੰ ਰੋਕਣ ਦੇ ਕੋਈ ਯਤਨ ਨਹੀਂ ਕੀਤੇ। ਪਰ ਭਾਰਤ ਦੇ ਸਾਧਨਾਂ 'ਤੇ ਪਏ ਬੋਝ ਨੂੰ ਵੇਖਦੇ ਹੋਏ ਭਾਰਤ ਨੂੰ ਇਕ ਯੋਗ ਅਤੇ ਪ੍ਰਭਾਵਸ਼ਾਲੀ ਨੀਤੀ ਅਪਣਾਉਣੀ ਪੈਣੀ ਹੈ, ਨਹੀਂ ਤਾਂ ਇਹ ਇਕ ਨਿਆਮਤ ਹੋਣ ਦੀ ਬਜਾਏ ਵੱਡੀ ਸਮੱਸਿਆ ਬਣ ਜਾਵੇਗੀ। ਲਗਾਤਾਰ ਖੁਰਾਕੀ ਵਸਤਾਂ ਦੀ ਵਧਦੀ ਹੋਈ ਦਰਾਮਦ ਚਿੰਤਾ ਦਾ ਵਿਸ਼ਾ ਹੈ ਜਿਨ੍ਹਾਂ ਵਿਚ ਦਾਲਾਂ ਅਤੇ ਤੇਲਾਂ ਦੀ ਬੀਜ ਮੁੱਖ ਤੌਰ 'ਤੇ ਸ਼ਾਮਲ ਹਨ। ਉਨ੍ਹਾਂ ਦੀ ਦਰਾਮਦ 'ਤੇ ਖਰਬਾਂ ਰੁਪਏ ਖਰਚ ਹੋ ਰਹੇ ਹਨ ਜਿਹੜੇ ਇਕ ਤਰਫ ਸਾਡੀ ਕੀਮਤੀ ਵਿਦੇਸ਼ੀ ਮੁਦਰਾ ਨੂੰ ਜ਼ਾਇਆ ਕਰ ਰਹੇ ਹਨ ਅਤੇ ਦੂਸਰੀ ਤਰਫ, ਹਰ ਵਿਅਕਤੀ ਦੇ ਹਿੱਸੇ ਸਿਰਫ 1 ਏਕੜ ਤੋਂ ਵੀ ਘੱਟ ਖੇਤਰ ਆਉਂਦਾ ਹੈ ਜਿਸ ਦੇ ਹੋਰ ਘਟਣ ਨਾਲ ਖੁਰਾਕ ਨਾਲ ਜੁੜੀਆਂ ਵਸਤਾਂ ਇਕ ਵੱਡੀ ਸਮੱਸਿਆ ਬਣ ਕੇ ਸਾਹਮਣੇ ਆ ਜਾਣਗੀਆਂ। ਇਸ ਨਾਲ ਖੁਸ਼ਹਾਲੀ ਲਈ ਕੀਤੇ ਜਾ ਰਹੇ ਯਤਨ ਹੋਰ ਢਿੱਲੇ ਹੋ ਜਾਣਗੇ।

ਪਾਣੀ ਜੋ ਜ਼ਿੰਦਾ ਰਹਿਣ ਦਾ ਸਾਧਨ ਹੈ, ਉਸ ਵੱਲ ਧਿਆਨ ਦੇਦਿਆਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਉਹ ਬਹੁਤ ਵੱਡੀ ਸਮੱਸਿਆ ਵਜੋਂ ਉੱਭਰ ਰਿਹਾ ਹੈ। ਸੰਨ 1951 ਵਿਚ ਭਾਰਤ ਵਿਚ ਪ੍ਰਤੀ ਵਿਅਕਤੀ ਪਾਣੀ ਦੀ ਉਪਲਬਧਤਾ 5300 ਕਿਊਬਿਕ ਫੁੱਟ ਸੀ ਜਦਕਿ ਬਹੁਤ ਸਾਰੇ ਦੇਸ਼ਾਂ ਵਿਚ ਇਹ ਸਿਰਫ 2000 ਕਿਊਬਿਕ ਫੁੱਟ ਤੋਂ ਵੀ ਘੱਟ ਸੀ। ਸੰਨ 1991 ਵਿਚ ਵਸੋਂ ਵਿਚ ਹੋਏ ਤੇਜ਼ ਵਾਧੇ ਕਰਕੇ ਇਹ 2000 ਕਿਊਬਿਕ ਫੁੱਟ ਪ੍ਰਤੀ ਵਿਅਕਤੀ ਰਹਿ ਗਈ। ਵਸੋਂ ਦਾ ਤੇਜ਼ ਵਾਧਾ ਜਾਰੀ ਰਿਹਾ ਤੇ 2000 ਸੰਨ ਵਿਚ ਇਹ ਘਟ ਕੇ ਸਿਰਫ 1500 ਕਿਊਬਿਕ ਫੁੱਟ ਹੋ ਗਈ ਜਿਹੜੀ ਹੁਣ ਬਹੁਤ ਜ਼ਿਆਦਾ ਹੋਰ ਘਟ ਗਈ ਹੈ।

ਪਾਣੀ ਦੇ ਮਾਹਿਰਾਂ ਅਨੁਸਾਰ ਜਿਨ੍ਹਾਂ ਦੇਸ਼ਾਂ ਵਿਚ ਇਹ 1700 ਕਿਊਬਿਕ ਫੁੱਟ ਪ੍ਰਤੀ ਵਿਅਕਤੀ ਤੋਂ ਘੱਟ ਹੈ, ਉਹ ਪਾਣੀ ਦੀ ਘਾਟ ਦੇ ਬੋਝ ਨਾਲ ਜੂਝ ਰਹੇ ਹਨ। ਹੁਣ ਸਿਰਫ ਸ਼ਹਿਰਾਂ ਵਿਚ ਹੀ ਨਹੀਂ, ਪਿੰਡਾਂ ਵਿਚ ਵੀ ਪਾਣੀ ਦੀ ਘਾਟ ਦਾ ਅਹਿਸਾਸ ਕੀਤਾ ਜਾ ਰਿਹਾ ਹੈ। ਕਈ ਮਾਹਰ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਪਾਣੀ ਦੀ ਵਧ ਰਹੀ ਸਮੱਸਿਆ ਦਾ ਹੱਲ ਨਾ ਕੱਢਿਆ ਗਿਆ ਤਾਂ ਇਸ ਮੁੱਦੇ ਨੂੰ ਲੈ ਕੇ ਤੀਜੀ ਵਿਸ਼ਵ ਜੰਗ ਦਾ ਖਤਰਾ ਵੀ ਪੈਦਾ ਹੋ ਸਕਦਾ ਹੈ।

ਸੰਨ 1970 ਤੋਂ ਪਹਿਲਾਂ 70 ਕੁ ਫੀਸਦੀ ਵਸੋਂ ਖੇਤੀ ਵਿਚ ਲੱਗੀ ਹੋਈ ਸੀ ਪਰ ਫਿਰ ਵੀ ਭਾਰਤ ਖੁਰਾਕ ਦਰਾਮਦ ਕਰਨ ਲਈ ਮਜਬੂਰ ਸੀ। ਇਸ ਲਈ ਨਾ ਸਿਰਫ ਉਹ ਵਿਦੇਸ਼ੀ ਮੁਦਰਾ ਦਾ ਵੱਡਾ ਹਿੱਸਾ ਵਰਤਦਾ ਸੀ ਸਗੋਂ ਉਸ ਨੂੰ ਕਈ ਰਾਜਨੀਤਕ ਸ਼ਰਤਾਂ ਵੀ ਮੰਨਣੀਆਂ ਪੈਂਦੀਆਂ ਸਨ। ਇਹ ਸਭ ਕੁਝ ਵਸੋਂ ਦੇ ਬੋਝ ਕਰਕੇ ਸੀ। ਸੱਠਵਿਆਂ ਦੇ ਅਖੀਰ ਵਿਚ ਹਰਾ ਇਨਕਲਾਬ ਸ਼ੁਰੂ ਹੋਇਆ ਜਿਹੜਾ ਜ਼ਿਆਦਾ ਤੋਂ ਜ਼ਿਆਦਾ ਰਸਾਇਣਾਂ ਦੀ ਵਰਤੋਂ 'ਤੇ ਆਧਾਰਤ ਸੀ। ਭਾਵੇਂ ਉਪਜ ਦੇ ਪੱਖ ਤੋਂ ਬੜੇ ਹੈਰਾਨਕੁੰਨ ਸਿੱਟੇ ਮਿਲੇ ਪਰ ਉਨ੍ਹਾਂ ਰਸਾਇਣਾਂ ਦੀਆਂ ਇਕਾਈਆਂ ਹਰ ਸਾਲ ਵਧਾਉਣੀਆਂ ਪਈਆਂ ਕਿਉਂ ਜੋ ਖੇਤੀ 'ਤੇ ਘਟਦੀਆਂ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ। ਪਰ ਉਹ ਰਸਾਇਣ ਧਰਤੀ, ਪਾਣੀ ਅਤੇ ਹਵਾ ਵਿਚ ਫੈਲਦੇ ਗਏ ਅਤੇ ਫਿਰ ਖੁਰਾਕ ਵਿਚ ਸ਼ਾਮਲ ਹੋ ਕੇ ਮਨੁੱਖ ਦੀ ਸਿਹਤ ਤੇ ਹਾਨੀਕਾਰਕ ਪ੍ਰਭਾਵ ਪਾਉਣ ਲੱਗੇ। ਇਹ ਸਭ ਕੁਝ ਇਸ ਲਈ ਹੋਇਆ ਕਿਉਂ ਜੋ ਰਸਾਇਣਾਂ ਦੀ ਵਰਤੋਂ ਵਸੋਂ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਸੀ।

ਵਸੋਂ ਦੇ ਬੋਝ ਨੇ ਕੁਦਰਤੀ ਵਾਤਾਵਰਨ ਵਿਚ ਅਸੰਤੁਲਨ ਪੈਦਾ ਕਰ ਦਿੱਤਾ। ਰਸਾਇਣਾਂ ਅਤੇ ਖਾਦਾਂ ਦੀ ਵਰਤੋਂ ਲਈ ਜ਼ਿਆਦਾ ਮਾਤਰਾ ਵਿਚ ਸਿੰਚਾਈ ਦੀ ਲੋੜ ਹੈ ਤਾਂ ਕਿ ਉਪਜ ਦੇ ਚੰਗੇ ਸਿੱਟੇ ਲਏ ਜਾ ਸਕਣ। ਇਨ੍ਹਾਂ ਰਸਾਇਣਾਂ ਦੀ ਵਰਤੋਂ ਦੇ ਉਨ੍ਹਾਂ ਖੇਤਰਾਂ ਵਿਚ ਜ਼ਿਆਦਾ ਲਾਭ ਹੋ ਸਕਦੇ ਸਨ ਜਿੱਥੇ ਪਾਣੀ ਦੀ ਉਪਲਬਧਤਾ ਜ਼ਿਆਦਾ ਸੀ। ਇਸ ਲਈ ਜ਼ਿਆਦਾ ਤੋਂ ਜ਼ਿਆਦਾ ਟਿਊਬਵੈੱਲ ਪੰਜਾਬ ਅਤੇ ਹਰਿਆਣੇ ਅਤੇ ਉਨ੍ਹਾਂ ਖੇਤਰਾਂ ਵਿਚ ਲਾਏ ਗਏ ਜਿੱਥੇ ਧਰਤੀ ਦੇ ਹੇਠਾਂ ਪਾਣੀ ਥੋੜ੍ਹੀ ਜਿਹੀ ਡੂੰਘਾਈ 'ਤੇ ਮਿਲਦਾ ਸੀ। ਪੰਜਾਬ 'ਚ ਜਿੱਥੇ 1960 ਵਿਚ ਲਗਭਗ 5000 ਟਿਊਬਵੈੱਲ ਸਨ, ਇਸ ਵਕਤ 14 ਲੱਖ ਟਿਊਬਵੈੱਲ ਹਨ ਜਿਹੜੇ ਧਰਤੀ ਦੇ ਥੱਲਿਉਂ ਦਿਨ-ਰਾਤ ਪਾਣੀ ਬਾਹਰ ਕੱਢ ਰਹੇ ਹਨ। ਉਹ ਪਾਣੀ ਜਿਹੜਾ 8/9 ਫੁੱਟ 'ਤੇ ਆਸਾਨੀ ਨਾਲ ਧਰਤੀ ਦੇ ਹੇਠਾਂ ਤੋਂ ਮਿਲ ਜਾਂਦਾ ਸੀ, ਹੁਣ 150 ਫੁੱਟ ਥੱਲੇ ਚਲਾ ਗਿਆ ਹੈ ਅਤੇ ਬਹੁਤ ਜਗ੍ਹਾ 'ਤੇ ਪੀਣ ਦੇ ਕਾਬਲ ਵੀ ਨਹੀਂ ਕਿਉ ਜੋ ਘਟਦੇ ਹੋਏ ਪਾਣੀ ਦੇ ਪੱਧਰ ਦੇ ਨਾਲ ਰਸਾਇਣ ਵੀ ਧਰਤੀ ਦੇ ਥੱਲੇ ਪਹੁੰਚ ਰਹੇ ਹਨ।



ਬਹੁਤ ਸਾਰੇ ਪੰਛੀ ਅਤੇ ਸੂਖਮ ਜੀਵ ਜਿਹੜੇ ਧਰਤੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਲਈ ਜ਼ਰੂਰੀ ਹਨ, ਉਹ ਖਤਮ ਹੋ ਗਏ ਹਨ। ਬਾਰਿਸ਼ਾਂ ਦਾ ਸਮਾਂ ਬਦਲ ਗਿਆ ਹੈ। ਅੱਜ-ਕੱਲ੍ਹ ਬੇਵਕਤ ਅਤੇ ਅਨਿਸ਼ਚਤ ਸਮੇਂ ਤੇ ਬਾਰਿਸ਼ਾਂ ਹੋ ਰਹੀਆਂ ਹਨ ਜਿਹੜੀਆਂ ਫਸਲਾਂ ਦਾ ਨੁਕਸਾਨ ਕਰਦੀਆਂ ਹਨ। ਸੰਨ 1950 ਵਿਚ ਜਦੋਂ ਭਾਰਤ ਨੇ ਯੋਜਨਾਵਾਂ ਅਪਣਾਈਆਂ ਤਾਂ ਖੇਤੀਬਾੜੀ ਨੂੰ ਪਹਿਲੀ ਤਰਜੀਹ ਦਿੱਤੀ ਗਈ ਭਾਵੇਂ ਭਾਰਤ ਉਦਯੋਗ ਵਿਚ ਬਹੁਤ ਪੱਛੜਿਆ ਹੋਇਆ ਸੀ। ਦੇਸ਼ ਦੀ ਵੱਡੀ ਆਬਾਦੀ ਬੁਨਿਆਦੀ ਸਹੂਲਤਾਂ ਤੋਂ ਮਹਿਰੂਮ ਸੀ। ਕੁੱਲੀ, ਗੁੱਲੀ ਤੇ ਜੁੱਲੀ ਹਰ ਕਿਸੇ ਨੂੰ ਮੁਹੱਈਆ ਕਰਵਾਉਣ ਲਈ ਸਮੇਂ ਦੀ ਸਰਕਾਰ ਚਿੰਤਤ ਸੀ। ਉਦਯੋਗਾਂ ਨੂੰ ਇਸ ਕਰਕੇ ਅਣਗੌਲਿਆ ਕੀਤਾ ਗਿਆ ਕਿਉਂ ਜੋ ਭਾਰਤ ਵਸੋਂ ਦੇ ਬੋਝ ਕਰਕੇ ਆਪਣੀਆਂ ਖੁਰਾਕੀ ਲੋੜਾਂ ਦੀ ਪੂਰੀਆਂ ਨਹੀਂ ਸੀ ਕਰ ਸਕਦਾ। ਉਦਯੋਗਿਕ ਵਸਤਾਂ ਦੀ ਦਰਾਮਦ ਹੁੰਦੀ ਰਹੀ ਜਿਸ ਕਰਕੇ ਉਦਯੋਗ ਹੋਰ ਪੱਛੜਦੇ ਗਏ। ਇਸ ਕਰਕੇ ਰੁਜ਼ਗਾਰ ਪੈਦਾ ਕਰਨ ਨੂੰ ਤਰਜੀਹ ਦੇਣੀ, ਉਦਯੋਗਿਕ ਵਸਤਾਂ ਅਤੇ ਸੇਵਾਵਾਂ ਨੂੰ ਵਧਾਉਣਾ ਇਸ ਕਰਕੇ ਨਕਾਰਿਆ ਗਿਆ ਕਿਉਂ ਜੋ ਵੱਡੀ ਵਸੋਂ ਦੀਆਂ ਖੁਰਾਕ ਲੋੜਾਂ ਨੂੰ ਪੂਰਾ ਕਰਨਾ ਸਭ ਤੋਂ ਵੱਡੀ ਤਰਜੀਹ ਸੀ। ਉਸ ਵੇਲੇ ਅਤੇ ਹੁਣ ਦੀ ਲੋੜ ਹੈ ਖੇਤੀ 'ਤੇ ਲੱਗੀ ਹੋਈ ਵਸੋਂ ਨੂੰ ਗੈਰ ਖੇਤੀ ਪੇਸ਼ਿਆਂ ਵਿਚ ਬਦਲਿਆ ਜਾਵੇ ਜਿਹੜਾ ਵਸੋਂ ਦੇ ਵੱਡੇ ਆਕਾਰ ਕਰਕੇ ਨਹੀਂ ਹੋ ਰਿਹਾ।

ਭਾਰਤ ਸਮਾਜਿਕ ਸੁਰੱਖਿਆ ਦੇ ਪੱਖ ਤੋਂ ਬਹੁਤ ਪਿਛਾਂਹ ਰਹਿ ਗਿਆ ਹੈ ਕਿਉਂ ਜੋ ਮੁੱਖ ਮੁੱਦਾ ਖੁਰਾਕ ਹੈ ਜਿੱਥੇ ਵਸੋਂ ਦਾ ਵੱਡਾ ਆਕਾਰ ਮੁੱਖ ਮਜਬੂਰੀ ਹੈ। ਖਾਸ ਤੌਰ 'ਤੇ ਬਾਲ ਕਿਰਤ ਦੀ ਸਮੱਸਿਆ ਦਾ ਮੁੱਖ ਕਾਰਨ ਬਾਲਗਾਂ ਦੀ ਬੇਰੁਜ਼ਗਾਰੀ ਹੈ। ਵਸੋਂ ਦੇਸ਼ ਦਾ ਕੁਦਰਤੀ ਸਾਧਨ ਹੈ ਜੋ ਉਤਪਾਦਨ ਪੈਦਾ ਕਰਦਾ ਹੈ ਪਰ ਜਦੋਂ ਉਹ ਕੁਝ ਵੀ ਪੈਦਾ ਨਹੀਂ ਕਰਦਾ ਤਾਂ ਉਹ ਦੇਸ਼ 'ਤੇ ਭਾਰ ਬਣ ਜਾਂਦਾ ਹੈ।

ਭਾਵੇਂ 8 ਕਰੋੜ ਲੋਕ ਬੇਰੁਜ਼ਗਾਰ ਹਨ। ਉਹ ਕੁਝ ਵੀ ਪੈਦਾ ਨਹੀਂ ਕਰ ਰਹੇ ਪਰ ਉਨ੍ਹਾਂ ਦੀ ਲੋੜਾਂ ਵੀ ਪੂਰੀਆਂ ਕਰਨ ਦੀ ਲੋੜ ਹੈ ਜਿਸ ਲਈ ਦੇਸ਼ ਨੂੰ ਜਾਂ ਤਾਂ ਦਰਾਮਦ 'ਤੇ ਨਿਰਭਰ ਕਰਨਾ ਪਵੇਗਾ ਜਾਂ ਉਨ੍ਹਾਂ ਲੋੜਾਂ ਨੂੰ ਪੁਰਿਆਂ ਕਰਨ ਤੋਂ ਬਗੈਰ ਰਹਿਣਾ ਪਵੇਗਾ। ਬੇਰੁਜ਼ਗਾਰੀ, ਜ਼ਿਆਦਾ ਭੀੜ, ਘਰਾਂ ਦੀ ਘਾਟ, ਬੱਚਿਆਂ ਦੀ ਕਿਰਤ, ਸਮਾਜਿਕ ਬੁਰਾਈਆਂ ਸਭ ਵੱਸੋਂ ਦੇ ਵੱਡੇ ਆਕਾਰ ਅਤੇ ਉਤਪਾਦਨ ਦੀ ਥੁੜ੍ਹ ਕਰਕੇ ਹੈ। ਵਸੋਂ ਦੇ ਦੋ ਪ੍ਰਸਿੱਧ ਸਿਧਾਂਤ ਹਨ - ਇਕ ਹੈ, ਵਸੋਂ ਦਾ ਮਾਲਥੀਸੀਅਨ ਸਿਧਾਂਤ ਜਿਸ ਅਨੁਸਾਰ ਜੇ ਵਸੋਂ ਨੂੰ ਬਣਾਉਟੀ ਢੰਗ ਨਾਲ ਕਾਬੂ ਨਾ ਕੀਤਾ ਜਾਵੇ ਤਾਂ ਕੁਦਰਤੀ ਜਿਵੇਂ ਕਾਲ, ਭਿਆਨਕ ਬਿਮਾਰੀਆਂ, ਹੜ੍ਹ ਆਦਿ ਆਉਣਗੇ ਅਤੇ ਵਸੋਂ ਕੁਦਰਤੀ ਰੋਕਾਂ ਨਾਲ ਰੁਕੇਗੀ। ਇਸ ਤਰ੍ਹਾਂ ਹੀ ਵਸੋਂ ਦਾ ਆਦਰਸ਼ਕ ਸਿਧਾਂਤ ਹੈ ਜਿਸ ਅਨੁਸਾਰ ਵਸੋਂ ਦਾ ਉਹ ਆਕਾਰ ਇਕ ਦੇਸ਼ ਲਈ ਆਦਰਸ਼ਕ ਹੈ ਜਿੱਥੇ ਪ੍ਰਤੀ ਵਿਅਕਤੀ ਆਮਦਨ ਵੱਧ ਤੋਂ ਵੱਧ ਹੈ। ਇਨ੍ਹਾਂ ਦੋਵਾਂ ਹੀ ਸਿਧਾਂਤਾਂ ਅਨੁਸਾਰ ਭਾਰਤ ਦੀ ਵਸੋਂ ਦਾ ਆਕਾਰ ਬਹੁਤ ਜ਼ਿਆਦਾ ਹੈ। ਵਸੋਂ ਦੇ ਆਕਾਰ ਨੂੰ ਰੋਕਣ ਲਈ ਠੋਸ ਨੀਤੀ ਬਣਨੀ ਚਾਹੀਦੀ ਹੈ।

## ਹਲਦੀ ਦੇ ਗੁਣ ਅਤੇ ਸਾਵਧਾਨੀਆਂ

ਹਲਦੀ ਵਿਚ ਬੇਹੱਦ ਸੰਪਰਦਾਵਾਂ ਮੌਜੂਦ ਹਨ, ਆਯੁਰਵੇਦ ਨੇ ਇਸ ਦੇ ਗੁਣਾਂ ਨੂੰ ਪਹਿਚਾਣਿਆ ਹੈ ਅਤੇ ਇਸ ਦੀ ਰੋਜ਼ਾਨਾ ਵਰਤੋਂ ਕਰਨ ਲਈ ਆਖਿਆ ਹੈ। ਇਸ ਲਈ ਇਹ ਕੁਦਰਤੀ ਪੌਸ਼ਣ ਦੇ ਨਾਲ-ਨਾਲ ਮਨੁੱਖ ਨੂੰ ਤੰਦਰੁਸਤ ਬਣਾਈ ਰੱਖਣ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।

ਹਲਦੀ ਕੁਦਰਤ ਦਾ ਅਮੁੱਲ ਤੋਹਫਾ ਹੈ। ਇਸ ਵਿਚ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਦੀ ਤਾਕਤ ਹੁੰਦੀ ਹੈ। ਇੱਥੋਂ ਤੱਕ ਕਿ ਹਲਦੀ ਦੀ ਵਰਤੋਂ ਕਰਨ ਨਾਲ ਕੈਂਸਰ ਜਿਹੇ ਖਤਰਨਾਕ ਰੋਗਾਂ ਦੇ ਵਧਦੇ ਪ੍ਰਭਾਵ ਨੂੰ ਵੀ ਰੋਕਿਆ ਜਾ ਸਕਦਾ ਹੈ। ਹਲਦੀ ਵਿਚ ਮੌਜੂਦ ''ਐਂਟੀ-ਇੰਮਫਲੇਮੇਟਰੀ' ਵਰਗੇ ਗੁਣ ਆਰਥਰਾਈਟਸ ਤੇ ਗਠੀਆ ਦੇ ਇਲਾਜ ਵਿਚ ਕਾਫੀ ਕਾਰਗਰ ਮੰਨੇ ਗਏ ਹਨ। ਪੁਰਾਣੇ ਸਮੇਂ ਤੋਂ ਹੀ ਭਾਰਤੀ ਲੋਕ ਹਲਦੀ ਦੇ ਗੁਣਾਂ ਤੋਂ ਜਾਣੂੰ ਸਨ, ਇਸ ਲਈ ਉਨ੍ਹਾਂ ਨੇ ਹਲਦੀ ਦੀ ਵਰਤੋਂ ਭੋਜਨ ਵਿਚ ਕਰਨ ਲਈ ਜ਼ੋਰ ਦਿੱਤਾ, ਜੋ ਅੱਜ ਵੀ ਵਿਗਿਆਨਕ ਯੁੱਗ ਵਿਚ ਪ੍ਰਚੱਲਤ ਹੈ।

ਹਲਦੀ ਦੀ ਵਰਤੋਂ ਭੋਜਨ ਵਿਚ ਕੇਵਲ ਮਸਾਲਿਆਂ ਦੇ ਰੂਪ ਵਿਚ ਹੀ ਨਹੀਂ ਹੁੰਦੀ, ਸਗੋਂ ਗੁਣਕਾਰੀ ਦਵਾਈ ਦੇ ਰੂਪ ਵਿਚ ਵੀ ਕੀਤੀ ਜਾਂਦੀ ਹੈ। ਜ਼ੁਕਾਮ, ਹਰ ਤਰ੍ਹਾਂ ਦੀ ਸਰੀਰਕ ਕਮਜ਼ੋਰੀ ਅਤੇ ਪਾਚਨ ਤੰਤਰ ਵਿਚ ਗੜਬੜ ਹੋਣ 'ਤੇ ਹਲਦੀ ਦਵਾਈ ਦਾ ਕੰਮ ਕਰਦੀ ਹੈ। ਹਲਦੀ ਵਿਚ ਐਂਟੀਸੈਪਟਿਕ ਗੁਣ ਵੱਡੀ ਮਾਤਰਾ ਵਿਚ ਮੌਜੂਦ ਹੁੰਦੇ ਹਨ। ਸੁੰਦਰਤਾ ਨੂੰ ਨਿਖਾਰਨ ਦੀ ਤਾਕਤ ਹਲਦੀ ਤੋਂ ਇਲਾਵਾ ਹੋਰ ਕਿਤੇ ਨਹੀਂ ਹੈ। ਪੁਰਾਣੇ ਸਮੇਂ ਦਾ ਵੱਟਣਾ ਇਸ ਦੀ ਉਦਾਹਰਣ ਹੈ, ਜੋ ਅੱਜ ਵੀ ਪ੍ਰਚੱਲਤ ਹੈ। ਇਸ ਲਈ ਦੁਲਹਾ-ਦੁਲਹਨ ਦੇ ਲਈ ਹਲਦੀ ਦੀ ਵਰਤੋਂ ਜ਼ਰੂਰੀ ਕਰਾਰ ਦਿੱਤੀ ਗਈ ਹੈ।

ਛੋਟੇ-ਮੋਟੇ ਰੋਗਾਂ ਦੇ ਇਲਾਜ ਵਿਚ ਹਲਦੀ ਦੀ ਵਰਤੋਂ ਬਹੁਤ ਦੀ ਲਾਭਦਾਇਕ ਸਿੱਧ ਹੁੰਦੀ ਹੈ। ਜ਼ੁਕਾਮ ਦੇ ਕਾਰਨ ਨੱਕ ਵਿੱਚੋਂ ਪਾਣੀ ਨਿਕਲਣ 'ਤੇ ਅਤੇ ਗਲਾ ਨਾ ਖੁੱਲ੍ਹਣ 'ਤੇ ਕੱਚੀ ਹਲਦੀ ਵਿਚ ਸਾਦਾ ਨਮਕ, ਦੇਸੀ ਘਿਓ, ਕਾਲੀਆਂ ਮਿਰਚਾਂ ਆਦਿ ਮਿਲਾ ਕੇ ਇਸ ਦੀ ਵਰਤੋਂ ਨਾਲ ਲਾਭ ਹੁੰਦਾ ਹੈ। ਮੌਸਮੀ ਤਬਦੀਲੀ ਕਾਰਨ ਸਰੀਰ 'ਤੇ ਦਾਗ ਪੈ ਜਾਣ ਅਤੇ ਖਾਰਸ਼ ਹੋਣ 'ਤੇ ਹਲਦੀ ਦੇ ਹਲਵੇ ਦੀ ਵਰਤੋਂ ਲਾਭਕਾਰੀ ਹੈ। ਕਮਰ ਦਰਦ ਜਾਂ ਕੋਈ ਹੋਰ ਦਰਦ ਹੋਵੇ ਕੱਚੀ ਹਲਦੀ ਅਤੇ ਸ਼ਹਿਦ ਦੀ ਬਰਾਬਰ ਮਾਤਰਾ ਵਿਚ ਵਰਤੋਂ ਕਰਨ ਨਾਲ ਲਾਭ ਹੁੰਦਾ ਹੈ। ਪੇਟ ਵਿਚ ਜ਼ਖਮ ਹੋਣ ਤਾਂ ਹਲਦੀ ਲੈਣ ਨਾਲ ਜ਼ਖਮ ਛੇਤੀ ਭਰਦੇ ਹਨ।

**ਸਾਵਧਾਨੀਆਂ** : ਹਲਦੀ ਦੀ ਤਾਸੀਰ ਗਰਮ ਹੋਣ ਕਰਕੇ ਇਸ ਨੂੰ ਬਿਲਕੁਲ ਘੱਟ ਮਾਤਰਾ ਵਿਚ ਲੈਣਾ ਚਾਹੀਦਾ ਹੈ, ਅਕਸਰ ਹਾਈ ਬਲੱਡ ਪ੍ਰੈਸ਼ਰ ਅਤੇ ਕਲੈਸਟਰੋਲ ਦੇ ਮਰੀਜ਼ਾਂ ਨੂੰ ਖੂਨ ਪਤਲਾ ਕਰਨ ਵਾਲੀਆਂ ਗੋਲੀਆਂ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਲਈ ਇਨ੍ਹਾਂ ਮਰੀਜ਼ਾਂ ਨੂੰ ਦੁੱਧ ਵਿਚ ਹਲਦੀ ਉਬਾਲ ਕੇ ਨਹੀਂ ਲੈਣੀ ਚਾਹੀਦੀ, ਕਿਉਂਕਿ ਹਲਦੀ ਵਾਲੇ ਦੁੱਧ ਵਿਚ ਖੂਨ ਨੂੰ ਪਤਲਾ ਕਰਨ ਵਾਲੇ ਗੁਣ ਹੁੰਦੇ ਹਨ। ਪਿਤੇ ਦੀ ਪੱਥਰੀ ਅਤੇ ਬਵਾਸੀਰ ਦੇ ਰੋਗੀਆਂ ਨੂੰ ਵੀ ਹਲਦੀ ਦੀ ਵਰਤੋਂ ਡਾਕਟਰ ਦੀ ਸਲਾਹ ਨਾਲ ਕਰਨੀ ਚਾਹੀਦੀ ਹੈ। ਹਲਦੀ ਦੀ ਵਰਤੋਂ ਕੇਵਲ ਭੋਜਨ ਅਤੇ ਦਵਾਈਆਂ ਵਿਚ ਹੀ ਨਹੀਂ, ਸਗੋਂ ਕੱਪੜਾ ਉਦਯੋਗ, ਸਾਬਣ, ਮੰਜਨ ਅਤੇ ਮਲ੍ਹਮ ਬਣਾਉਣ ਵਿਚ ਵੀ ਹੁੰਦੀ ਹੈ।

**ਸੁਖਮੰਦਰ ਸਿੰਘ ਤੂਰ, ਪਿੰਡ ਤੇ ਡਾਕ ਖੋਸਾ ਪਾਂਡੋ (ਮੋਗਾ)**



# ਸਾਦਗੀ, ਇਮਾਨਦਾਰੀ, ਨਿਮਰਤਾ ਅਤੇ ਗਿਆਨ ਦਾ ਸੁਮੇਲ

# ਡਾ. ਮਨਮੋਹਨ ਸਿੰਘ

ਡਾ. ਮਨਮੋਹਨ ਸਿੰਘ ਉਤੇ ਪੰਜਾਬੀਆਂ ਖਾਸ ਸਿੱਖਾਂ ਨੂੰ ਵਿਸ਼ੇਸ਼ ਮਾਣ ਹੋਣਾ ਚਾਹੀਦਾ ਹੈ। ਉਹ ਪੂਰਨ ਗੁਰਸਿੱਖ ਸਨ ਅਤੇ ਦਸਮੇਸ਼ ਪਿਤਾ ਦੇ ਸੱਚੇ ਸੰਤ ਸਿਪਾਹੀ ਸਨ। ਗੁਰੂ ਨਾਨਕ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਉਨ੍ਹਾਂ ਸਾਰੀ ਉਮਰ ਯਤਨ ਕੀਤਾ। ਡਾ. ਸਾਹਿਬ ਇਮਾਨਦਾਰੀ, ਮਿਹਨਤ, ਸਾਦਗੀ, ਹਲੀਮੀ ਅਤੇ ਗਿਆਨ ਦੇ ਸਾਰੀ ਉਮਰ ਅੰਗ ਸੰਗ ਰਹੇ ਉਨ੍ਹਾਂ ਲੋੜਵੰਦਾਂ ਦੀ ਹਮੇਸ਼ਾਂ ਬਾਂਹ ਫੜੀ ਅਤੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਅਸੂਲਾਂ ਉੱਤੇ ਸਾਰੀ ਉਮਰ ਪਹਿਰਾ ਦਿੱਤਾ ਉਨ੍ਹਾਂ ਆਪਣੀ ਲਿਆਕਤ ਅਤੇ ਮਿਹਨਤ ਨਾਲ ਪੜ੍ਹਾਈ ਕੀਤੀ ਅਤੇ ਬਿਨਾਂ ਕਿਸੇ ਸਹਾਰੇ ਦੇ ਟੀਸੀ ਨੂੰ ਛੋਹਿਆ। ਪੈਸਾ ਕਮਾਉਣ ਅਤੇ ਵਧੀਆ ਜੀਵਨ ਜੀਉਣ ਲਈ ਉਨ੍ਹਾਂ ਕੋਲ ਵਿਸ਼ਵ ਪੱਧਰ ਦੀਆਂ ਨੌਕਰੀਆਂ ਸਨ। ਪਰ ਉਨ੍ਹਾਂ ਆਪਣੇ ਦੇਸ਼ ਅਤੇ ਆਪਣੇ ਲੋਕਾਂ ਦੀ ਸੇਵਾ ਨੂੰ ਪਹਿਲ ਦਿੱਤੀ ਤੇ ਉਦੋਂ ਦੀ ਪ੍ਰਧਾਨ ਮੰਤਰੀ ਦੇ ਕਹਿਣ ਉੱਤੇ ਭਾਰਤ ਆ ਗਏ। ਉਹ ਭਾਰਤ ਸਰਕਾਰ ਦੇ ਆਰਥਿਕ ਸਲਾਹਕਾਰ, ਰਿਜਰਵ ਬੈਂਕ ਦੇ ਗਵਰਨਰ ਤੇ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਬਣੇ। ਜਦੋਂ ਨਰਸਿਮਹਾ ਰਾਓ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤਾਂ ਦੇਸ਼ ਦੀ ਵਿੱਤੀ ਹਾਲਤ ਬਹੁਤ ਹੀ ਗੰਭੀਰ ਸੀ। ਉਨ੍ਹਾਂ ਨੂੰ ਡਾ. ਮਨਮੋਹਨ ਸਿੰਘ ਹੀ ਅਜਿਹੇ ਮਾਹਿਰ ਨਜ਼ਰ ਆਏ ਜਿਹੜੇ ਦੇਸ਼ ਨੂੰ ਇਹ ਗੰਭੀਰ ਆਰਥਿਕ ਸੰਕਟ ਵਿਚੋਂ ਮੱਢ ਸਕਦੇ ਸਨ। ਡਾ. ਸਾਹਿਬ ਰਾਜਸੀ ਆਗੂ ਨਹੀਂ ਸਨ ਅਤੇ ਕਿਸੇ ਰਾਜਸੀ ਪਾਰਟੀ ਦੇ ਮੈਂਬਰ ਵੀ ਨਹੀਂ ਸਨ। ਪਰ ਦੇਸ਼ ਦੀ ਆਰਥਿਕ ਹਾਲਤ ਵੇਖ ਉਨ੍ਹਾਂ ਚੁਣੌਤੀ ਨੂੰ ਕਬੂਲਦਿਆਂ ਹੋਇਆ ਦੇਸ਼ ਦਾ ਵਿੱਤ ਮੰਤਰੀ ਬਣਨਾ ਸਵੀਕਾਰ ਕੀਤਾ। ਜਦੋਂ ਉਨ੍ਹਾਂ ਪਾਰਲੀਮੈਂਟ ਵਿਚ ਆਪਣਾ ਪਹਿਲਾ ਬਜਟ ਪੇਸ਼ ਕੀਤਾ ਤਾਂ ਰਿਵਾਇਤ ਅਨੁਸਾਰ ਵਿਰੋਧੀ ਧਿਰ ਨੇ ਕੋਈ ਨਾ ਕੋਈ ਵਿਰੋਧ ਕਰਨਾ ਹੀ ਸੀ। ਇਨ੍ਹਾਂ ਦੀ ਸਾਦਗੀ ਅਤੇ ਭੋਲਾਪਨ ਇਨ੍ਹਾਂ ਆਖਿਆ ਕਿ ਜੇਕਰ ਮੇਰੇ ਪ੍ਰੋਗਰਾਮ ਨੂੰ ਪਸੰਦ ਨਹੀਂ ਕੀਤਾ ਗਿਆ ਫਿਰ ਮੈਂ ਇਸ ਪਦਵੀ ਉੱਤੇ ਨਹੀਂ ਰਹਾਂਗਾ। ਜਦੋਂ ਵਾਜਪਾਈ ਸਾਹਿਬ ਨੂੰ ਪਤਾ ਲੱਗਿਆ ਤਾਂ ਉਹ ਡਾਕਟਰ ਸਾਹਿਬ ਕੋਲ ਗਏ ਤੇ ਆਖਿਆ, ''ਅਸੀਂ ਵਿਰੋਧੀ ਧਿਰ ਵਿਚ ਹਾਂ, ਤੁਸੀਂ ਇਸ ਵਲ ਬਹੁਤ ਧਿਆਨ ਨਾ ਦੇਵੋ। ਸਾਨੂੰ ਅਤੇ ਦੇਸ਼ ਨੂੰ ਤੁਹਾਡੀ ਲੋੜ ਹੈ।

ਉਸ ਵੇਲੇ ਦੇਸ਼ ਵਿਜ ਪਰਮਿਟ, ਡੀਪੂ ਤੇ ਕੰਟਰੋਲ ਦਾ ਰਾਜ ਸੀ। ਬਜ਼ਾਰ ਵਿਚ ਨਿੱਤ ਵਰਤੋਂ ਦੀਆਂ ਬਹੁਤ ਘਟ ਵਸਤਾਂ ਉਪਲੱਬਧ ਸਨ। ਉਨ੍ਹਾਂ ਨੂੰ ਕਾਲੇ ਬਜ਼ਾਰ ਵਿਚ ਜਾਂ ਰਿਸ਼ਵਤ ਦੇ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਸੀ। ਅਸਲ ਵਿਚ ਦੇਸ਼ ਅੰਦਰ ਭ੍ਰਿਸ਼ਟਾਚਾਰ ਅਤੇ ਕਾਲਾਬਜ਼ਾਰੀ ਨੂੰ ਕੰਟਰੋਲ ਸਿਸਟਮ ਨੇ ਹੀ ਜਨਮ ਦਿੱਤਾ ਹੈ। ਉਦੋਂ ਬਜ਼ਾਰ ਵਿਚ ਦੋ ਹੀ ਕਾਰਾਂ ਸਨ ਅੰਬੈਸਡਰ ਅਤੇ ਫੀਏਟ। ਅੰਬੈਸਡਰ ਦੀ ਸਰਕਾਰੀ ਖਰੀਦ ਹੁੰਦੀ ਸੀ ਤੇ ਫੀਏਟ ਦੀ ਬੁਕਿੰਗ ਕਰਵਾਉਣੀ ਪੈਂਦੀ ਸੀ ਤੇ ਘੱਟੋ ਘੱਟ ਛੇ ਸਾਲ ਪਿੱਛੋਂ ਵਾਰੀ ਆਉਂਦੀ ਸੀ। ਸਕੂਟਰ ਅਤੇ ਟੈਲੀਫੋਨ ਲੈਣ ਲਈ ਇਤਨੇ ਹੀ ਸਾਲ ਉਡੀਕ ਕਰਨੀ ਪੈਂਦੀ ਸੀ। ਘਰ ਬਣਾਉਣ ਲਈ ਸਿਵਲ ਸਪਲਾਈ ਵਿਭਾਗ ਦੇ ਕਈ ਚੱਕਰ ਲਗਾ ਕੇ ਸੀਮਿੰਟ ਦਾ ਪਰਮਿਟ ਮਿਲਦਾ ਸੀ ਜਿਸ ਉੱਤੇ ਹਰ ਹਫਤੇ ਪੰਜ ਬੋਰੀਆਂ ਹੀ ਮਿਲਦੀਆਂ ਸਨ। ਮਿੱਟੀ ਦਾ ਤੇਲ ਅਤੇ ਖੰਡ ਰਾਸ਼ਨ ਕਾਰਡ ਉੱਤੇ ਮਿਲਦੀਆਂ ਸਨ। ਵਿਆਹ ਲਈ ਸਮਾਂ ਵੀਹ ਸੇਰ ਖੰਡ ਦਾ ਪਰਮਿਟ ਮਿਲਦਾ ਸੀ। ਉਸ ਲਈ ਪਹਿਲਾਂ ਸਰਪੰਚ ਤੋਂ ਤਸਦੀਕ ਕਰਵਾਓ ਫਿਰ ਪੰਚਾਇਤ ਸੈਕਟਰੀ ਤੇ ਗ੍ਰਾਮ ਸੇਵਕ ਦੇ ਦਸਤਖਤ ਕਰਵਾਉਣ ਤੇ ਮੁੜ ਕਈ ਚੱਕਰ ਮਾਰ ਕੇ ਵੀਡੀਓ ਦਫਤਰ ਤੋਂ ਪਰਮਿਟ ਪ੍ਰਾਪਤ ਹੁੰਦਾ ਸੀ। ਸ਼ਹਿਰੀ ਘਰਾਂ ਵਿਚ ਉਦੋਂ ਰੋਟੀ ਸਟੋਬ ਉੱਤੇ ਹੀ ਬਣਦੀ ਸੀ। ਦੀਵਿਆਂ ਤੇ ਲਾਲਟੈਨਾਂ ਲਈ ਮਿੱਟੀ ਦਾ ਤੇਲ ਰਾਸ਼ਨ ਕਾਰਡ ਉੱਤੇ ਮਿਲਦਾ ਸੀ ਜਿਸ ਨਾਲ ਪੂਰਾ ਮਹੀਨਾ ਕੱਢਣਾ ਔਖਾ ਸੀ। ਲੋਕਾਂ ਕੋਲ ਪੈਸਾ ਬਹੁਤ ਘੱਟ ਸੀ। ਡਾ. ਮਨਮੋਹਨ ਸਿੰਘ ਹੋਰਾਂ ਆਉਂਦਿਆਂ ਹੀ ਪਰਮਿਟ ਰਾਜ ਖਤਮ ਕੀਤਾ। ਉਤਪਾਦਕਾਂ ਨੂੰ ਉਤਪਾਦਨ ਵਧਾਉਣ ਲਈ ਉਤਸ਼ਾਹਿਤ ਕੀਤਾ। ਸਾਰੀਆਂ ਕੰਪਨੀਆਂ ਨੂੰ ਉਤਪਾਦਨ ਕਰਨ ਦੀ ਖੁੱਲ੍ਹ ਦਿੱਤੀ। ਇਸ ਨਾਲ ਸਾਰੀਆਂ ਵਸਤਾਂ ਬਜ਼ਾਰ ਵਿਚ ਅਸਾਨੀ ਨਾਲ ਮਿਲਣ ਲੱਗ ਪਈਆਂ। ਕਾਲਾਬਜ਼ਾਰੀ ਅਤੇ ਰਿਸ਼ਵਤਖੋਰੀ ਨੂੰ ਠੱਲ ਪਈ। ਦੇਸ਼ ਦੀ ਵਿਕਾਸ ਦਰ ਵਿਚ ਤੇਜ਼ੀ ਨਾਲ ਵਾਧਾ ਹੋਇਆ ਅਤੇ ਉਹ ਆਰਥਿਕ ਸੰਕਟ ਵਿੱਚੋ ਬਾਹਰ ਨਿਕਲਿਆ। ਖੁੱਲ੍ਹੇ ਬਜ਼ਾਰ ਵਿਚ ਉਤਪਾਦਨ ਹੀ ਨਹੀਂ ਵਧਿਆ ਸਗੋਂ ਮਾਲ ਦੀ ਗੁਣਵੱਤਾ ਵਿਚ ਸੁਧਾਰ ਹੋਇਆ ਅਤੇ ਰੁਜ਼ਗਾਰ ਵਿਚ ਵਾਧਾ ਹੋਇਆ। ਅਗਲੀਆਂ ਚੋਣਾਂ ਵਿਚ ਵਿਰੋਧੀ ਧਿਰ ਕੋਲ ਸਰਕਾਰ ਆ ਗਈ। ਸਾਡੇ ਦੇਸ਼ ਵਿਚ ਪਾਰਟੀ ਰਾਜ ਹੋਣ ਕਰਕੇ ਉਹ ਕਾਂਗਰਸ ਨਾਲ ਜੁੜ ਗਏ ਤੇ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਬਣੇ। ਮੈਂ ਖੁਸ਼ਕਿਸਮਤ ਹਾਂ ਕਿ ਉਨ੍ਹਾਂ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ। ਜਦੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਡਾ. ਸੁਖਦੇਵ ਸਿੰਘ ਵਾਈਸ ਚਾਂਸਲਰ ਸਨ ਤਾਂ ਉਨ੍ਹਾਂ ਡਾ. ਸਾਹਿਬ ਨੂੰ ਵਾਰਸ਼ਕ ਕਨਵੋਕੇਸ਼ਨ ਦੇ ਬਤੌਰ ਮੁੱਖ ਮਹਿਮਾਨ ਬੁਲਾਇਆ ਸੀ। ਮੈਂ ਉਦੋਂ ਯੂਨੀਵਰਸਿਟੀ ਵਿਚ ਸੰਚਾਰ ਕੇਂਦਰ ਦਾ ਮੁਖੀ ਹੋਣ ਦੇ ਨਾਤੇ ਲੋਕ ਸੰਪਰਕ ਅਧਿਕਾਰੀ ਵੀ ਸਾਂ। ਡਾ. ਸਾਹਿਬ ਨੂੰ ਸਟੇਸ਼ਨ ਤੋਂ ਲੈ ਕੇ ਆਉਣ, ਗੈਸਟ ਹਾਊਸ ਵਿਚ ਦੇਖਭਾਲ ਦੂਜੇ ਦਿਨ ਯੂਨੀਵਰਸਿਟੀ ਚੱਕਰ ਮੇਰੀ ਜ਼ੁੰਮੇਵਾਰੀ ਵਿਚ ਸੀ। ਇਸ ਕਰਕੇ ਉਨ੍ਹਾਂ ਨਾਲ ਗੱਲਾਂ ਕਰਨ ਦਾ ਮੌਕਾ ਮਿਲਿਆ। ਉਹ ਉਦੋਂ ਯੋਜਨਾ ਕਮਿਸ਼ਨ ਦੇ ਉੱਪ ਚੇਅਰਮੈਨ ਸਨ। ਇਥੇ ਉਨ੍ਹਾਂ ਦੀ ਰਿਸ਼ਤੇਦਾਰੀ ਵੀ ਸੀ ਉਹ ਉਨ੍ਹਾਂ ਨੂੰ ਵੀ ਮਿਲਣ ਗਏ ਸਨ। ਸ਼ਹਿਰ ਦੇ ਸਨਅਤਕਾਰਾਂ ਵੱਲੋਂ ਉਨ੍ਹਾਂ ਦੇ ਸਨਮਾਨ ਵਿਚ ਦੁਪਹਿਰੇ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ। ਯੂਨੀਵਰਸਿਟੀ ਦੇ ਇਕ ਨੰਬਰ ਗੇਟ ਸਾਹਮਣੇ ਇਕ ਮੈਰੇਜ ਪੈਲਸ ਹੁੰਦਾ ਸੀ ਉਥੇ ਸਮਾਗਮ ਕੀਤਾ ਗਿਆ। ਲੰਚ ਤੋਂ ਪਹਿਲਾਂ ਇਨ੍ਹਾਂ ਨੂੰ ਕੁਝ ਆਖਣ ਲਈ ਆਖਿਆ ਗਿਆ ਇਨ੍ਹਾਂ ਮੁਸਕਰਾਉਂਦੇ ਹੋਏ ਆਪਣਾ ਭਾਸ਼ਣ ਸ਼ੁਰੂ ਕਰਨ ਸਮੇਂ ਆਖਿਆ ਕਿ ਮੈਨੂੰ ਪਤਾ ਸੀ ਕੋਈ ਫਰੀ ਲੰਚ ਨਹੀਂ ਕਰਵਾਉਂਦਾ।



ਡਾ. ਰਣਜੀਤ ਸਿੰਘ

ਮੈਨੂੰ ਜ਼ਰੂਰ ਕੁਝ ਕਹਿਣ ਲਈ ਆਖਿਆ ਜਾਵੇਗਾ। ਇਨ੍ਹਾਂ ਜਿੱਥੇ ਸਰਕਾਰੀ ਪਾਲਸੀਆਂ ਬਾਰੇ ਦੱਸਿਆ ਤੇ ਸਨਅਤਕਾਰਾਂ ਨੂੰ ਠੋਸ ਸੁਝਾਵ ਵੀ ਦਿੱਤੇ। ਦੂਜੀ ਵਾਰ ਇਨ੍ਹਾਂ ਦੇ ਦਰਸ਼ਨ ਜਲੰਧਰ ਵਿਖੇ ਹੋਏ। ਅਜੀਤ ਅਖਬਾਰ ਦੇ ਸਮਾਗਮ ਵਿਚ ਆਏ ਸਨ। ਮੁੱਖ ਮੰਤਰੀ ਬਾਦਲ ਸਾਹਿਬ ਤੇ ਹੋਰ ਦੀ ਕਈ ਨੇਤਾ ਸਨ। ਬਾਦਲ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੰਜਾਬ ਲਈ ਕੁੱਝ ਮੰਗਾਂ ਰੱਖੀਆਂ ਤੇ ਵਿਤਕਰੇ ਬਾਰੇ ਵੀ ਆਖਿਆ। ਡਾ. ਸਾਹਿਬ ਨੇ ਆਪਣੇ ਭਾਸ਼ਣ ਵਿਜ ਉੱਤਰ ਦਿੰਦੇ ਹੋਏ ਆਖਿਆ ਕਿ ਬਾਦਲ ਸਾਹਿਬ ਮੇਰੇ ਕੋਲ ਜਦੋਂ ਵੀ ਆਏ ਹਨ ਆਪਣੇ ਨਿੱਕੇ ਮੋਟੇ ਕੰਮ ਹੀ ਲੈ ਕੇ ਆਏ ਜਿਹੜੇ ਮੈਂ ਕਰ ਦਿੰਦਾ ਰਿਹਾ। ਸੂਬੇ ਲਈ ਕੋਈ ਠੋਸ ਯੋਜਨਾ ਲੈ ਕੇ ਨਹੀਂ ਆਏ ਜੇ ਮੈਂ ਕੁਝ ਦਿੱਤਾ ਹੈ ਤਾਂ ਉਹ ਆਪਣੇ ਆਪ ਹੀ ਦਿੱਤਾ ਹੈ। ਉਹ ਪੰਜਾਬ ਵਿਚ ਇਕ ਵਿਸ਼ਵ ਪੱਧਰੀ ਯੂਨੀਵਰਸਿਟੀ ਬਣਾਉਣਾ ਚਾਹੁੰਦੇ ਸਨ ਜਿਸ ਲਈ ਉਨ੍ਹਾਂ ਅੰਮ੍ਰਿਤਸਰ ਨੇੜੇ 700 ਏਕੜ ਜ਼ਮੀਨ ਮੰਗੀ ਸੀ। ਬਾਦਲ ਸਾਹਿਬ ਤੇ ਕੈਪਟਨ ਸਾਹਿਬ ਦੋਵਾਂ ਨੇ ਹੀ ਟਾਲਮਟੋਲ ਕੀਤਾ ਤੇ ਉਹ ਆਪਣੀ ਇਹ ਇੱਛਾ ਪੂਰੀ ਨਹੀਂ ਕਰ ਸਕੇ। ਡਾ. ਸਾਹਿਬ ਨੂੰ ਸੱਚੀ ਸ਼ਰਧਾਂਜਲੀ ਉਦੋਂ ਹੀ ਹੋਵੇਗੀ ਜਦੋਂ ਸਿੱਖ ਸੰਸਥਾਵਾਂ ਰਲਕੇ ਉਨ੍ਹਾਂ ਦੇ ਇਸ ਸੁਪਨੇ ਨੂੰ ਪੂਰਾ ਕਰਨ। ਗੁਰੂ ਦੇ ਲੰਗਰ ਤਾਂ ਅਸੀਂ ਹਰ ਥਾਂ ਲਗਾਉਂਦੇ ਹਾਂ ਪਰ ਕੌਮ ਦੀ ਉੱਨਤੀ ਲਈ ਵਿਦਿਆ ਦਾ ਲੰਗਰ ਲਗਾਉਣ ਵੀ ਜ਼ਰੂਰੀ ਹੈ।

ਤੀਜੀ ਵਾਰ ਉਨ੍ਹਾਂ ਦੇ ਦਰਸ਼ਨ ਨਵੀਂ ਦਿੱਲੀ ਵਿਖੇ ਹੋਏ। ਉਦੋਂ ਉਹ ਪੰਡਾਰਾ ਰੋਡ ਉੱਤੇ ਰਹਿੰਦੇ ਸਨ। ਇਸ ਸੜਕ ਦੇ ਇਕ ਪਾਸੇ ਸਰਕਾਰੀ ਕੋਠੀਆਂ ਸਨ ਤੇ ਦੂਜੇ ਪਾਸੇ ਸਰਕਾਰੀ ਫਲੈਟ ਸਨ। ਫਲੈਟਾਂ ਵਾਲੇ ਕਰਮਚਾਰੀਆਂ ਨੇ ਗੁਰਪੁਰਬ ਮਨਾਇਆ। ਉਨ੍ਹਾਂ ਡਾ. ਸਾਹਿਬ ਨੂੰ ਵੀ ਸੱਦਾ ਭੇਜਿਆ। ਇਹ ਮੈਡਮ ਨਾਲ ਆਪਣੀ ਮਾਰੂਤੀ ਕਾਰ ਵਿਚ ਆਏ। ਕੋਈ ਵੀ ਸੁਰੱਖਿਆ ਕਰਮਚਾਰੀ ਨਾਲ ਨਹੀਂ ਸਨ। ਮੱਥਾ ਟੇਕ ਸੰਗਤ ਵਿਚ ਬੈਠ ਗਏ। ਪ੍ਰਬੰਧਕਾਂ ਨੇ ਸ਼ਬਦ ਪੜ੍ਹਨ ਲਈ ਬੇਨਤੀ ਕੀਤੀ। ਬੀਬੀ ਜੀ ਨੇ ਸ਼ਬਦ ਪੜ੍ਹਿਆ ਡਾ. ਸਾਹਿਬ ਵੀ ਨਾਲ ਸਨ। ਭੋਗ ਪਿੱਛੋਂ ਸਾਰਿਆਂ ਨਾਲ ਪੰਗਤ ਵਿਚ ਬੈਠ ਲੰਗਰ ਛਕਿਆ।

ਦੇਸ਼ ਵਿਚ ਰਲੀ ਮਿਲੀ ਸਰਕਾਰ ਬਣਾਉਣਾ ਆਰੰਭ ਹੋ ਗਿਆ ਸੀ। ਦੋਵੇਂ ਬੜੇ ਬਹੁਮਤ ਪ੍ਰਾਪਤ ਕਰਨ ਦੇ ਯਤਨ ਕਰ ਰਹੇ ਸਨ। ਕਾਂਗਰਸ ਵਾਲਾ ਧੜਾ ਬਹੁਮਤ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ। ਉਸ ਸਮੇਂ ਅਜਿਹੇ ਪ੍ਰਧਾਨ ਮੰਤਰੀ ਦੀ ਲੋੜ ਸੀ ਜਿਹੜਾ ਗਠਜੋੜ ਦੀਆਂ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਚਲ ਸਕੇ ਅਤੇ ਦੇਸ਼ ਨੂੰ ਵੀ ਤਰੱਕੀ ਦੇ ਰਾਹ ਉੱਤੇ ਹੋਰ ਅੱਗੇ ਲਿਜਾ ਸਕੇ। ਅਖੀਰ ਫੈਸਲਾ ਡਾ. ਮਨਮੋਹਨ ਸਿੰਘ ਦੇ ਹੱਕ ਵਿਚ ਹੋ ਗਿਆ। ਕਿਉਂਕਿ ਸਾਰੇ ਉਨ੍ਹਾਂ ਦੀ ਕਾਰਜਸ਼ੈਲੀ ਨੂੰ ਵਿੱਤ ਮੰਤਰੀ ਦੇ ਰੂਪ ਵਿਚ ਵੇਖ ਚੁੱਕੇ ਸਨ। ਡਾ. ਸਾਹਿਬ ਨੇ ਸ਼ਾਇਦ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਉਹ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ।

ਇਹ ਇਕ ਵੱਡੀ ਚੁਣੌਤੀ ਸੀ, ਉਹ ਰਾਜਸੀ ਆਗੂ ਨਹੀਂ ਸੀ। ਗਠਜੋੜ ਦੀ ਸਰਕਾਰ ਸੀ। ਮੈਂਬਰ ਮਸਾਂ ਪੂਰੇ ਹੀ ਸਨ। ਉਨ੍ਹਾਂ ਆਪਣੇ ਆਰਥਿਕ ਸੁਧਾਰਾਂ ਦੇ ਕਾਰਜਾਂ ਨੂੰ ਅੱਗੇ ਤੋਰਨਾ ਸੀ। ਉਹ ਜਾਣਦੇ ਸਨ ਕਿ ਉਦਾਰਕਰਨ ਅਤੇ ਨਿੱਜੀਕਰਨ ਦੇਸ਼ ਦੇ ਵਿਕਾਸ ਲਈ ਜ਼ਰੂਰੀ ਹੈ ਪਰ ਇਸ ਦਾ ਸਭ ਤੋਂ ਵੱਡਾ ਖਤਰਾ ਹੁੰਦਾ ਹੈ ਕਿ ਦੌਲਤ ਕੁਝ ਲੋਕਾਂ ਦੇ ਕਬਜ਼ੇ ਵਿਚ ਨਾ ਆ ਜਾਵੇ। ਦੇਸ਼ ਦੇ ਵਿਕਾਸ ਦਾ ਲਾਭ ਸਭ ਤੋਂ ਹੇਠਲੇ ਨਾਗਰਿਕ ਕੋਲ ਪੁੱਜਣਾ ਚਾਹੀਦਾ ਹੈ। ਹਰੇਕ ਨਾਗਰਿਕ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਪੰਜ ਦਲੇਰਾਨਾ ਕਾਨੂੰਨ ਪਾਸ ਕਰਵਾਏ। ਰੁਜ਼ਗਾਰ ਦਾ ਹੱਕ, ਹਰੇਕ ਨਾਗਰਿਕ ਨੂੰ ਰੁਜ਼ਗਾਰ ਦਾ ਹੱਕ ਹੈ ਤਾਂ ਜੋ ਆਪਣੀ ਕਮਾਈ ਨਾਲ ਉਹ ਆਪਣੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰ ਸਕੇ ਅਤੇ ਇਸ ਨਾਲ ਦੇਸ਼ ਦੇ ਆਰਥਿਕ ਵਿਕਾਸ ਦਾ ਨਿੱਘ ਗਰੀਬ ਲੋਕਾਂ ਕੋਲ ਪਹੁੰਚ ਜਾਣਾ ਸੀ। ਮਨਰੇਗਾ ਨਾਲ ਹਰੇਕ ਨਾਗਰਿਕ ਨੂੰ ਘੱਟੋ ਘੱਟ ਛੇ ਮਹੀਨੇ ਰੁਜ਼ਗਾਰ ਦੇਣ ਦੀ ਸਰਕਾਰ ਵੱਲੋਂ ਗਰੰਟੀ ਦਿੱਤੀ ਗਈ। ਦੂਜੀ ਮੁੱਖ ਲੋੜ ਵਿੱਦਿਆ



ਹੈ, ਸਕੂਲਾਂ ਨੂੰ ਸੁਧਾਰਿਆ ਗਿਆ। ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ, ਕੁੜੀਆਂ ਨੂੰ ਸਾਈਕਲ ਦਿੱਤੇ। ਗਰੀਬਾਂ ਅਤੇ ਘਟ ਗਿਣਤੀਆਂ ਲਈ ਵਜੀਫਿਆਂ ਦਾ ਪ੍ਰਬੰਧ ਕੀਤਾ। ਹਰੇਕ ਸੂਬੇ ਵਿਚ ਕੇਂਦਰੀ ਯੂਨੀਵਰਸਿਟੀ ਬਣਾਈ ਤਾਂ ਜੋ ਵਿਦਿਆ ਤੇ ਮਿਆਰ ਨੂੰ ਕਾਇਮ ਰੱਖਿਆ ਜਾ ਸਕੇ। ਅਖੌਤੀ ਨਿੱਜੀ ਅੰਗ੍ਰੇਜ਼ੀ ਸਕੂਲਾਂ ਵਿਚ ਗਰੀਬਾਂ ਲਈ ਸੀਟਾਂ ਰਾਖਵੀਆਂ ਕੀਤੀਆਂ। ਬਹੁਤ ਸਾਰੀਆਂ ਤਕਨੀਕੀ ਸੰਸਥਾ ਖੋਲ੍ਹੀਆਂ। ਤੀਜੀ ਲੋੜ ਸਿਹਤ ਸਹੂਲਤਾਂ ਦੀ ਹੁੰਦੀ ਹੈ। ਕੌਮੀ ਸਿਹਤ ਮਿਸ਼ਨ ਰਾਹੀਂ ਸਰਕਾਰੀ ਹਸਪਤਾਲਾਂ ਵਿਚ ਸਿਹਤ ਸਹੂਲਤਾਂ ਵਿਚ ਸੁਧਾਰ ਕੀਤਾ। ਮਰੀਜ਼ਾਂ ਦੀ ਸਹੂਲਤ ਲਈ 108 ਨੰਬਰ ਵਾਲੀਆਂ ਐਂਬੂਲੈਂਸਾਂ ਖੜੀਆਂ ਕੀਤੀਆਂ। ਦਫਤਰੀ ਧੱਕੇਸ਼ਾਹੀ ਅਤੇ ਰਿਸ਼ਵਤਖੋਰੀ ਰੋਕਣ ਲਈ ਸੂਚਨਾ ਪ੍ਰਾਪਤੀ ਦਾ ਹੱਕ ਬਿੱਲ ਪਾਸ ਕੀਤਾ। ਤੁਸੀਂ ਆਪਣੇ ਕੇਸ ਬਾਰੇ ਸੂਚਨਾ ਪ੍ਰਾਪਤ ਕਰ ਸਕਦੇ ਹੋ। ਜੇਕਰ ਅਜੇਹਾ ਨਹੀਂ ਹੁੰਦਾ ਤਾਂ ਸੂਚਨਾ ਕਮਿਸ਼ਨਰ ਕਾਇਮ ਕੀਤੇ। ਅਖੀਰ ਵਿਚ ਭੋਜਨ ਦਾ ਹੱਕ ਬਿਲ ਪਾਸ ਕੀਤਾ ਤਾਂ ਜੋ ਕਿਸੇ ਨੂੰ ਭੁੱਖੇ ਢਿੱਡ ਸੌਣਾ ਨਾ ਪਵੇ। ਇੰਝ ਅਜ਼ਾਦੀ ਦਾ ਨਿੱਘ ਹੇਠਾ ਤੱਕ ਪਹੁੰਚਾਇਆ। ਉਨ੍ਹਾਂ ਨਿਰੇ ਹਾਈਵੇ ਹੀ ਠੀਕ ਨਹੀਂ ਕੀਤੇ ਸਗੋਂ ਪਿੰਡਾਂ ਦੀਆਂ ਸੜਕਾਂ ਨੂੰ ਵਧੀਆ ਬਣਾਇਆ, ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ।

ਉਨ੍ਹਾਂ ਦੀ ਇਮਾਨਦਾਰੀ, ਨਿਮਰਤਾ ਅਤੇ ਲਿਆਕਤ ਤੋਂ ਕਾਇਲ ਹੋ ਕੇ ਕਾਂਗਰਸ ਦਾ ਦੂਜੀ ਵਾਰ ਸੀਟਾਂ ਵਿਚ ਵਾਧਾ ਹੋਇਆ। ਜਦੋਂ ਉਹ ਦੂਜੀ ਵਾਰ ਪ੍ਰਧਾਨ ਮੰਤਰੀ ਬਣੇ ਤਾਂ ਵਿਰੋਧੀ ਧਿਰ ਨੂੰ ਯਕੀਨ ਹੋ ਗਿਆ ਕਿ ਜੇਕਰ ਇਸੇ ਤਰ੍ਹਾਂ ਇਸ ਦੀ ਹਰਮਨ ਪਿਆਰਤਾ ਵਧਦੀ ਜਾਵੇਗੀ ਤਾਂ ਸਾਡਾ ਤਾਕਤ ਪ੍ਰਾਪਤੀ ਦਾ ਸੁਪਨਾ ਟੁੱਟ ਜਾਵੇਗਾ। ਉਨ੍ਹਾਂ ਨੇ ਆਪਣਾ ਸਾਰਾ ਜ਼ੋਰ ਸਰਕਾਰ ਨੂੰ ਬਦਨਾਮ ਕਰਨ ਉੱਤੇ ਲਗਾ ਦਿੱਤਾ। ਡਾ. ਮਨਮੋਹਨ ਸਿੰਘ ਨੇ ਇਸ ਦਾ ਪਲਟ ਜੁਆਬ ਦੇਣ ਦੀ ਥਾਂ ਆਖਿਆ ਕਿ ਇਤਿਹਾਸ ਮੇਰੇ ਕੰਮ ਦੀ ਕਦਰ ਕਰੇਗਾ। ਇੰਝ ਜਾਪਦਾ ਸੀ ਕਿ ਉਨ੍ਹਾਂ ਦੀ ਪਾਰਟੀ ਵਿਚ ਡਾ. ਸਾਹਿਬ ਦੀ ਹੀ ਬੱਲੇ ਬੱਲੇ ਨਾਲ ਜਾਪਿਆ ਜਿਵੇਂ ਰਵਾਇਤੀ ਉਨ੍ਹਾਂ ਲੀਡਰਾਂ ਦੀ ਚੌਧਰ ਨੂੰ ਖਤਰਾ ਹੋ ਸਕਦਾ ਹੈ। ਇਸੇ ਕਰਕੇ ਸਰਕਾਰ ਵਿਰੋਧੀ ਪ੍ਰਚਾਰ ਦੇ ਪੰਡਨ ਲਈ ਕੋਈ ਠੋਸ ਯਤਨ ਨਹੀਂ ਕੀਤੇ ਗਏ। ਘਪਲਿਆਂ ਦੇ ਜਿਹੜੇ ਝੂਠੇ ਦੋਸ਼ ਲਗਾਏ ਗਏ ਉਹ ਅਦਾਲਤਾਂ ਵਿਚ ਸਾਬਤ ਹੋਏ। ਡਾ. ਸਾਹਿਬ ਨੇ ਸੱਚ ਜਾਣਦਿਆਂ ਵੀ ਸੰਬੰਧਿਤ ਮੰਤਰੀ ਨੂੰ ਫਾਰਗ ਕੀਤਾ। ਕੋਲ ਅਤੇ ਸਪੈਕਟਰਮ ਦੇ ਹੀ ਦੋ ਵੱਡੇ ਘਪਲੇ ਦਰਸਾਏ ਗਏ। ਡਾ. ਸਾਹਿਬ ਦਾ ਯਤਨ ਸੀ ਇਨ੍ਹਾਂ ਨੂੰ ਵੱਧ ਤੋਂ ਵੱਧ ਭਾਗੀਦਾਰ ਖਰੀਦਣ ਤਾਂ ਜੋ ਇਹ ਕੁਝ ਘਰਾਣਿਆਂ ਦੀ ਮਲਕੀਅਤ ਨਾ ਬਣ ਸਕਣ।

ਇਤਨਾ ਇਮਾਨਦਾਰ, ਸਾਦਗੀ ਭਰਿਆ, ਨਿਮਰਤਾ ਵਾਲਾ ਅਤੇ ਗਿਆਨ ਵਾਲਾ ਪ੍ਰਧਾਨ ਮੰਤਰੀ ਸ਼ਾਇਦ ਹੀ ਪਹਿਲਾਂ ਕਦੇ ਹੋਇਆ ਹੋਵੇਗਾ। ਉਨ੍ਹਾਂ ਦੀ ਭਵਿੱਖਬਾਣੀ ਸੱਚ ਹੀ ਹੋਈ ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ ਜਿਤਨੀ ਚਰਚਾ ਉਨ੍ਹਾਂ ਬਾਰੇ ਹੋਈ ਅਤੇ ਗੁਣਗਾਨ ਕੀਤਾ ਗਿਆ ਪਹਿਲਾਂ ਕਿਸੇ ਹੋਰ ਦੇ ਹਿੱਸੇ ਨਹੀਂ ਆਏ। ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਕਿੱਸੇ ਬਹੁਤ ਹਨ, ਪਰ ਮੈਂ ਆਪਣੀ ਚਰਚਾ ਇਕ ਕਸ਼ਮੀਰੀ ਪੰਡਿਤ ਦੇ ਬਿਆਨ ਨਾਲ ਸਮਾਪਤ ਕਰਾਂਗਾ। ਡਾ. ਸਾਹਿਬ ਨੇ ਕਸ਼ਮੀਰੀ ਪੰਡਤਾਂ ਦੇ ਸ਼ਰਨਾਰਥੀ ਕੈਂਪਾਂ ਵਿਚ ਜਦੋਂ ਉਨ੍ਹਾਂ ਦੀ ਮਾੜੀ ਹਾਲਤ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਘਰ ਬਣਾ ਕੇ ਦਿੱਤੇ ਅਤੇ ਰੁਜ਼ਗਾਰ ਦਾ ਪ੍ਰਬੰਧ ਕੀਤਾ। ਪੰਡਿਤ ਜੀ ਆਖ ਰਹੇ ਹਨ, ''ਕਦੇ ਗੁਰੂ ਤੇਗ ਬਹਾਦਰ ਜੀ ਨੇ ਸਾਡੀ ਬਾਂਹ ਫੜੀ ਸੀ ਅੱਜ ਮੁੜ ਗੁਰੂ ਜੀ ਨੇ ਡਾ. ਮਨਮੋਹਨ ਸਿੰਘ ਹੋਰਾਂ ਰਾਹੀਂ ਸਾਡੀ ਬਾਂਹ ਫੜੀ ਹੈ। ਸਿੱਖ ਕੌਮ ਬੜੀ ਦਾਨੀ ਹੈ।'' ਸਾਰਿਆਂ ਨੂੰ ਰਲ ਕੇ ਉਨ੍ਹਾਂ ਦੀ ਯਾਦ ਵਿਚ ਇਕ ਵਿਸ਼ਵ ਪੱਧਰੀ ਵਿਦਿਅਕ ਸੰਸਥਾ ਬਣਾਉਣੀ ਚਾਹੀਦੀ ਹੈ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਬਹਾਰ ਰੁੱਤ ਦੀ ਮੱਕੀ** : ਮੱਕੀ ਦੀਆਂ ਪੀ-1844, ਪੀ ਐਮ ਐਚ-10, ਡੀ ਕੇ ਸੀ-9108, ਪੀ ਐਮ ਐਚ-8, ਪੀ ਐਮ ਐਚ-7 ਅਤੇ ਪੀ ਐਮ ਐਚ-1



ਕਿਸਮਾਂ ਦੀ ਬਿਜਾਈ ਪੂਰਬ-ਪੱਛਮ ਦਿਸ਼ਾ ਵਿਚ 60 ਸੈਂ.ਮੀ. ਦੀ ਵਿੱਥ ਤੇ ਵੱਟਾਂ ਬਣਾ ਕੇ ਜਾਂ 67.5 ਸੈ. ਮੀ. ਦੀ ਵਿੱਥ ਤੇ ਬੈੱਡ ਬਣਾ ਕੇ 15 ਫਰਵਰੀ ਤੱਕ ਕੀਤੀ ਜਾ ਸਕਦੀ ਹੈ। ਵੱਟਾਂ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂ.ਮੀ. ਅਤੇ ਬੈੱਡਾਂ ਉੱਪਰ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂ.ਮੀ. ਰੱਖਣਾ ਚਾਹੀਦਾ ਹੈ। ਨਦੀਨਾਂ ਦਾ ਖਾਤਮਾ ਕਰਨ ਲਈ ਐਟਰਾਟਾਫ 50 ਡਬਲਯੂ ਪੀ (ਐਟਰਜੀਨ), 500 ਗ੍ਰਾਮ/ਏਕੜ ਹਲਕੀਆਂ ਜ਼ਮੀਨ ਲਈ 800 ਗ੍ਰਾਮ/ਏਕੜ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਛਿੜਕਾਅ ਦੋ ਦਿਨਾਂ ਦੇ ਵਿੱਚ-ਵਿੱਚ 200 ਲਿਟਰ ਪਾਣੀ ਪਾ ਕੇ ਕਰ ਦਿਓ।

**ਦਾਲਾਂ** : ਵਧੀਆ ਝਾੜ ਲਈ ਸਮੇਂ ਸਿਰ ਬੀਜੀ ਤਿਲ ਦੀ ਫਸਲ ਨੂੰ ਪਾਣੀ ਲਾਓ।

**ਕਮਾਦ** : ਕਮਾਦ ਦੀਆਂ ਦਰਮਿਆਨੀਆਂ ਅਤੇ ਪਿਛੇਤੀਆਂ ਕਿਸਮਾਂ,



ਜੋ ਕਿ ਜਨਵਰੀ ਦੇ ਅਖੀਰ ਵਿਚ ਪੱਕ ਕੇ ਤਿਆਰ ਹੁੰਦੀਆਂ ਹਨ, ਦੀ ਪੀੜਾਈ ਅਤੇ ਕਟਾਈ (ਮਿੱਲਾਂ ਲਈ) ਸ਼ੁਰੂ ਕਰ ਦਿਓ। ਬੀਜ ਲਈ ਰੱਖੀ ਫਸਲ ਨੂੰ ਕੋਰੇ ਤੋਂ ਬਚਾਉਣ ਲਈ ਲਗਾਤਾਰ ਪਾਣੀ ਦਿੰਦੇ ਰਹੋ। ਕੋਰੇ ਤੋਂ ਪ੍ਰਭਾਵਿਤ ਬੀਜ ਘੱਟ ਉੱਗਦਾ ਹੈ। ਮੁੱਢੇ ਰੱਖਣ ਵਾਲੇ ਕਮਾਦ ਦੀ ਕਟਾਈ ਜ਼ਮੀਨ ਦੀ ਪੱਧਰ ਤੇ ਕਰੋ ਜਿਸ ਨਾਲ ਫੁਟਾਰਾ ਚੰਗਾ ਹੁੰਦਾ ਹੈ। ਕਟਾਈ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ ਅਤੇ ਰਲੇ ਦੀਆਂ ਕਤਾਰਾਂ ਵਿਚਕਾਰ ਹਲ ਵਾਹ ਦਿਓ ਤਾਂ ਜੋ ਨਦੀਨਾਂ ਦੀ ਰੋਕਥਾਮ ਹੋ ਸਕੇ।

**ਤੇਲ ਬੀਜ ਅਤੇ ਸਰ੍ਹੋਂ** : ਕੋਰੇ ਤੋਂ ਬਚਾਉਣ ਲਈ ਸਰ੍ਹੋਂ, ਰਾਇਆ ਅਤੇ ਗੋਭੀ ਸਰ੍ਹੋਂ ਨੂੰ ਪਾਣੀ ਦਿਓ।

**ਸੂਰਜਮੁੱਖੀ** : ਸੂਰਜਮੁੱਖੀ ਖਾਸ ਕਰਕੇ ਲੰਬਾ ਸਮਾਂ ਲੈ ਕੇ ਪੱਕਣ ਵਾਲੀਆਂ ਕਿਸਮਾਂ ਦੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ। ਬਿਜਾਈ ਵੱਟਾਂ ਤੇ ਕਰੋ ਅਤੇ ਵੱਟਾਂ ਵਿਚਕਾਰ ਫਾਸਲਾ 2 ਫੁੱਟ ਅਤੇ ਬੂਟਿਆਂ ਦਰਮਿਆਨ ਫਾਸਲਾ ਇਕ ਫੁੱਟ ਰੱਖੋ। ਇਸ ਦੀ ਬਿਜਾਈ ਲਈ ਫਾਲਿਆਂ ਵਾਲਾ ਜਾਂ ਸਿਆੜਾਂ ਵਾਲਾ ਰਿਜ਼ਰ ਪਲਾਂਟਰ ਵਰਤਿਆ ਜਾ ਸਕਦਾ ਹੈ। ਬੀਜ ਪੂਰਬ-ਪੱਛਮ ਦਿਸ਼ਾ ਵਾਲੀਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਬੀਜਣ ਨਾਲ ਵੱਧ ਝਾੜ ਪ੍ਰਾਪਤ ਹੁੰਦਾ ਹੈ। ਬੀਜ ਵੱਟ ਦੇ ਦੱਖਣ ਵਾਲੇ ਪਾਸੇ ਬੀਜੋ। ਸੂਰਜਮੁੱਖੀ ਵਿਚ 24 ਕਿੱਲੋ ਨਾਈਟ੍ਰੋਜਨ (50 ਕਿੱਲੋ ਯੂਰੀਆ) ਅਤੇ 12 ਕਿੱਲੋ ਫਾਸਫੋਰਸ (75 ਕਿੱਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਫਾਸਫੋਰਸ ਲਈ ਸਿੰਗਲ ਸੁਪਰਫਾਸਫੇਟ ਨੂੰ ਤਰਜ਼ੀਹ ਦਿਓ ਕਿਉਂਕਿ ਇਸ ਵਿਚ ਗੰਧਕ ਵੀ ਹੁੰਦੀ ਹੈ ਜਿਹੜੀ ਸੂਰਜਮੁੱਖੀ ਲਈ ਬਹੁਤ ਜ਼ਰੂਰੀ ਹੈ। ਰੇਤਲੀਆਂ ਜ਼ਮੀਨਾਂ ਵਿਚ ਅੱਧਾ ਯੂਰੀਆ ਬਿਜਾਈ ਵੇਲੇ ਅਤੇ ਅੱਧਾ ਪਹਿਲਾ ਪਾਣੀ ਲਾਉਣ ਵੇਲੇ ਪਾਓ।



**ਮੈਂਥਾ (ਜਪਾਨੀ ਪੁਦੀਨਾ)** : ਇਸ ਫਸਲ ਦੀ ਬਿਜਾਈ ਲਈ ਜਨਵਰੀ ਦਾ ਦੂਸਰਾ ਪੰਦਰਵਾੜਾ ਬਹੁਤ ਹੀ ਢੁੱਕਵਾਂ ਸਮਾਂ ਹੈ। ਮੈਂਥੇ ਦੀਆਂ ਦੋ ਲਾਈਨਾਂ ਨੂੰ 67.5 ਸੈਂਟੀਮੀਟਰ ਚੌੜੇ ਬੈੱਡਾਂ ਉੱਪਰ ਬੀਜਣ ਨਾਲ ਵੱਧ ਹਰਾ ਮਾਦਾ ਮਿਲਦਾ ਹੈ ਅਤੇ ਨਾਲ ਦੀ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ। ਪਾਣੀ ਦੀ ਬੱਚਤ ਅਤੇ ਨਦੀਨਾਂ ਦੀ ਰੋਕਥਾਮ ਲਈ ਮੈਂਥੇ ਦੀ ਬਿਜਾਈ ਤੋਂ ਬਾਅਦ 24 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਸਕਦੇ ਹਾਂ। ਇੱਕ ਏਕੜ ਲਈ ਦੋ ਕੁਇੰਟਲ ਤਾਜ਼ੀਆਂ ਪੁੱਟੀਆਂ 5-8 ਸੈਂਟੀਮੀਟਰ ਲੰਬੀਆਂ ਜੜ੍ਹਾਂ ਚਾਹੀਦੀਆਂ ਹਨ। ਇਨ੍ਹਾਂ ਜੜ੍ਹਾਂ ਨੂੰ 45 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਵਿਚ ਬੀਜੋ। ਬੀਜਣ ਤੋਂ ਬਾਅਦ ਹਲਕਾ ਪਾਣੀ ਦੇ ਦਿਓ।

**ਚਾਰੇ** : ਜ਼ਮੀਨ ਦੀ ਕਿਸਮ ਅਤੇ ਮੌਸਮ ਨੂੰ ਦੇਖਦੇ ਹੋਏ 15-20 ਦਿਨਾਂ ਦੇ ਫਰਕ ਤੇ ਬਰਸੀਮ ਅਤੇ ਲੂਸਣ ਦੀ ਫਸਲ ਨੂੰ ਪਾਣੀ ਦਿੰਦੇ ਰਹੋ।

**ਸਬਜ਼ੀਆਂ** : ਮਿਰਚਾਂ ਅਤੇ ਬੈਂਗਣ ਦੀ ਪਨੀਰੀ ਦੀ ਬਿਜਾਈ ਕਰੋ ਜੋ ਕਿ ਫਰਵਰੀ-ਮਾਰਚ ਵਿਚ ਟ੍ਰਾਂਸਪਲਾਂਟ ਕੀਤੀ ਜਾਣੀ ਹੈ।

★ ਅਕਤੂਬਰ ਵਿਚ ਬੀਜੇ ਗਏ ਟਮਾਟਰ ਅਤੇ ਬੈਂਗਣ ਦੇ ਬੂਟਿਆਂ ਦੀ ਲੁਆਈ ਸ਼ੁਰੂ ਕਰੋ।

★ ਬਹਾਰ ਰੁੱਤ ਦੇ ਆਲੂਆਂ ਦੀ ਬਿਜਾਈ ਇਸ ਮਹੀਨੇ ਦੇ ਦੂਜੇ ਪੰਦਰਵਾੜੇ ਵਿਚ ਖਤਮ ਕਰ ਦੇਣੀ ਚਾਹੀਦੀ ਹੈ।

★ ਆਉਣ ਵਾਲੇ 3-4 ਦਿਨ ਖੁਸ਼ਕ ਮੌਸਮ ਨੂੰ ਦੇਖਦੇ ਹੋਏ ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ।

**ਬਾਗਬਾਨੀ** : ਸਦਾਬਹਾਰ ਫਲਦਾਰ ਬੂਟਿਆਂ ਨੂੰ ਖਾਸ ਕਰਕੇ ਛੋਟੇ ਪੌਦਿਆਂ ਨੂੰ ਸਖਤ ਠੰਡ ਤੋਂ ਬਚਾਉਣ ਲਈ ਬੂਟਿਆਂ ਉੱਪਰ ਛੌਰੇ ਬਣਾਈ ਰੱਖੋ। ਇਸ ਕੰਮ ਲਈ ਸਰਕੰਡਾ, ਦੱਬ ਜਾਂ ਖਜੂਰ ਦੇ ਪੱਤਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੂਟਿਆਂ ਨੂੰ ਹਲਕੀਆਂ ਸਿੰਚਾਈਆਂ ਵੀ ਕੀਤੀਆਂ ਜਾ ਸਕਦੀਆਂ ਹਨ। ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ 25 ਗ੍ਰਾਮ ਕੌਪਰਸਲਫੇਟ 500 ਲੀਟਰ ਪਾਣੀ ਵਿਚ ਪਾ ਕੇ ਛਿੜਕਾਅ ਕਰੋ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਬੇਰਾਂ ਦੇ ਬੂਟਿਆਂ ਨੂੰ ਚਿੱਟੇ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/100 ਲੀਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨੀ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਕਰੋ। ਬੇਰਾਂ ਉਪਰ ਇਸ ਸਮੇਂ ਭਰਵਾਂ ਫਲ ਲੱਗਿਆ ਹੋਇਆ ਹੈ ਇਸ ਲਈ ਇਸ ਮਹੀਨੇ ਇੱਕ ਸਿੰਚਾਈ ਜ਼ਰੂਰ ਕਰੋ। ਪੱਤਝੜੀ ਕਿਸਮਾਂ ਦੇ ਫਲਦਾਰ ਬੂਟੇ ਜਿਵੇਂ ਕਿ ਆੜੂ ਅਤੇ ਅਲੂਚੇ ਦੀ ਲਵਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ ਨਾਸ਼ਪਾਤੀ, ਅੰਜੀਰ, ਅੰਗੂਰ ਆਦਿ ਲਗਾਉਣ ਦਾ ਸਹੀ ਸਮਾਂ ਹੈ। ਅੰਬਾਂ ਦੀ ਗੁੰਦੇਹੜੀ ਦੀ ਰੋਕਥਾਮ ਲਈ ਦਰੱਖਤਾਂ ਦੇ ਮੁੱਖ ਤਣੇ ਦੁਆਲੇ ਅਲਕਥੇਨ ਦੀ ਸ਼ੀਟ ਚੰਗੀ ਤਰ੍ਹਾਂ ਲਪੇਟ ਦਿਓ। ਅਮਰੂਦ ਅਤੇ ਬੇਰਾਂ ਨੂੰ ਛੱਡ ਕੇ ਬਾਕੀ ਸਾਰੇ ਮੁੱਖ ਫਲਦਾਰ ਬੂਟਿਆਂ ਨੂੰ ਦੇਸੀ ਖਾਦਾਂ ਪਾਉਣ ਦਾ ਕੰਮ ਕੀਤਾ ਜਾ ਸਕਦਾ ਹੈ।

**ਪਸ਼ੂ ਪਾਲਣ** : ਸਰਦੀ ਵਿਚ ਪਸ਼ੂ ਵਾੜਿਆਂ ਵਿਚ ਜ਼ਿਆਦਾ ਨਮੀਂ ਇਕੱਠੀ ਨਾ ਹੋਣ ਦਿਓ ਅਤੇ ਇਸਦੇ ਕੰਟਰੋਲ ਲਈ ਦਿਨ ਦੀ ਧੁੱਪ ਵੇਲੇ ਖਿੜਕੀਆਂ ਖੋਲ ਦਿਓ। ਸਾਫ ਹਵਾ ਦੇ ਵਗਣ ਨਾਲ ਨਮੀਂ ਬਾਹਰ ਜਾਵੇਗੀ ਅਤੇ ਪਸ਼ੂ ਨੂੰ ਸਾਹ ਦੀਆਂ ਬਿਮਾਰੀਆਂ ਵੀ ਘੱਟ ਹੋਣਗੀਆਂ। ਗਾਵਾਂ ਸਰਦੀਆਂ ਵਿਚ ਵੀ ਆਪਣੇ ਮਲ-ਮੂਤਰ ਉੱਪਰ ਹੀ ਬੈਠ ਜਾਂਦੀਆਂ ਹਨ। ਜਦੋਂ ਰੋਹਾ ਸੁੱਕ ਕੇ ਕਰੜਾ ਹੋ ਜਾਂਦਾ ਹੈ ਅਤੇ ਪਸ਼ੂ ਗੰਦਾ ਹੋ ਜਾਂਦਾ ਹੈ। ਪਸ਼ੂਆਂ ਨੂੰ ਚੋਣ ਸਮੇਂ ਇਹ ਰੋਹਾ ਦੁੱਧ ਨੂੰ ਦੂਸ਼ਿਤ ਕਰਦਾ ਹੈ ਤੇ ਪਸ਼ੂ ਲਈ ਵੀ ਬਿਮਾਰੀ ਦਾ ਘਰ ਬਣਦਾ ਹੈ। ਸੋ ਪਸ਼ੂ ਥੱਲੇ ਸੁੱਕ ਵਿਛਾਉਣੀ ਬਹੁਤ ਜ਼ਰੂਰੀ ਹੈ। ਇਸ ਵਾਸਤੇ ਸੁੱਕੀ ਪਰਾਲੀ ਜਾਂ ਘਾਹ ਆਦਿ ਦੀ ਵਰਤੋਂ ਕਰ ਸਕਦੇ ਹਾਂ। ਪਰਾਲੀ ਆਪਣੇ ਵਿਚ ¾ ਗੁਣਾ ਪਾਣੀ ਸਮਾ ਸਕਦੀ ਹੈ। ਦੁਧਾਰੂ ਪਸ਼ੂਆਂ ਤੇ ਲੇਵੇ ਵੀ ਇਸ ਸੁੱਕ ਨਾਲ ਸਰਦੀਆਂ ਵਿਚ ਠੀਕ ਰਹਿੰਦੇ ਹਨ। ਛੋਟੇ ਕੱਟੜੂ/ਵੱਛੜੂ ਥੱਲੇ ਵੀ ਸਰਦੀਆਂ ਵਿਚ ਸੁੱਕ ਬਹੁਤ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਦਾ ਨਿਮੂਨੀਆ ਅਤੇ ਹੋਰ ਸਰਦੀ ਦੇ ਰੋਗਾਂ ਤੋਂ ਬਚਾਓ ਹੋ ਸਕੇ।

## ਬਾਗਾਂ ਦੇ ਲਈ ਅਨੁਕੂਲ ਖਾਦ ਪ੍ਰਬੰਧਨ

ਪਵਿੱਤਰ ਸਿੰਘ, ਅਮਰਦੀਪ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਰੀਦਕੋਟ, ਮੋਬਾਇਲ : 94176-02406

ਬਹੁਤੀ ਵਾਰ ਕਿਸਾਨ ਭਰਾਵਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਫਲਾਂ ਵਾਲੇ ਪੌਦਿਆਂ ਨੂੰ ਕਿਸ ਸਮੇਂ ਖਾਦ ਪਾਉਣੀ ਹੈ ਜੋ ਪੌਦੇ ਦੀ ਉਮਰ ਅਤੇ ਪੌਦਿਆਂ ਦੀ ਕਿਸਮ ਦੇ ਅਨੁਸਾਰ ਵੀ ਵੱਖ-ਵੱਖ ਹੁੰਦੀ ਹੈ। ਇਸ ਲਈ, ਫਲਾਂ ਦੇ ਉਤਪਾਦਨ ਵਿਚ ਚੰਗੇ ਨਤੀਜਿਆਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਫਲਾਂ ਨੂੰ ਸਮੇਂ ਸਿਰ ਖਾਦਾਂ ਪਾਓ। ਨਿਮਨਲਿਖਤ ਸੂਚੀ (ਸਾਰਣੀ 1) ਵਿਚ ਉਦਾਹਰਨ ਲਈ 1-3 ਸਾਲ ਦੇ ਫਲਾਂ ਬਾਰੇ ਦੱਸਿਆ ਗਿਆ ਹੈ।

**ਸਾਰਣੀ 1 : ਵੱਖ-ਵੱਖ ਫਸਲਾਂ ਦੇ 1-2 ਸਾਲ ਉਮਰ ਦੇ ਫਲਾਂ ਲਈ ਖਾਦਾਂ ਦੀ ਲੋੜ**

| ਫਲ | ਰੂੜੀ ਦੀ ਖਾਦ (ਕਿਲੋਗ੍ਰਾਮ) | ਯੂਰੀਆ (ਗ੍ਰਾਮ) | ਸਿੰਗਲ ਸੁਪਰ ਫਾਸਫੇਟ (ਗ੍ਰਾਮ) | ਮਿਊਰੇਟ ਆਫ ਪੋਟਾਸ਼ (ਗ੍ਰਾਮ) | ਖਾਦ ਪਾਉਣ ਦਾ ਸਮਾਂ |
|---|---|---|---|---|---|
| ਨਿੰਬੂ ਜਾਤੀ ਦੇ ਫਲ | 5-20 | 110-330 | -- | -- | ਰੂੜੀ ਦੀ ਖਾਦ ਦਸੰਬਰ ਵਿਚ, ਅੱਧੀ ਯੂਰੀਆ ਫਰਵਰੀ ਅਤੇ ਅੱਧੀ ਅਪ੍ਰੈਲ-ਮਈ ਵਿਚ ਪਾਓ। |
| ਕਿੰਨੂ | 10-30 | 240-720 | -- | 185-550 | ਅੱਧੀ ਯੂਰੀਆ ਫਰਵਰੀ ਅਤੇ ਅੱਧੀ ਅਪ੍ਰੈਲ-ਮਈ ਵਿਚ ਪਾਉ, ਸਿੰਗਲ ਸੁਪਰ ਫਾਸਫੇਟ ਯੂਰੀਆ ਦੀ ਪਹਿਲੀ ਖੁਰਾਕ ਨਾਲ ਪਾਓ, ਮਿਊਰੇਟ ਆਫ ਪੋਟਾਸ਼ ਦੀ ਸਿਫਾਰਸ਼ ਕੇਂਦਰ ਅਤੇ ਨੀਮ-ਪਹਾੜੀ ਇਲਾਕੇ ਲਈ ਹੈ। |
| ਅਮਰੂਦ | 10-20 | 150-200 | 500-1500 | 100-400 | ਰੂੜੀ ਦੀ ਖਾਦ ਮਈ ਵਿਚ, ਅੱਧੀ ਰਸਾਇਣਿਕ ਖਾਦ ਮਈ-ਜੂਨ ਵਿਚ ਪਾਉ, ਬਾਕੀ ਰਸਾਇਣਿਕ ਖਾਦ ਸਤੰਬਰ-ਅਕਤੂਬਰ ਵਿਚ ਪਾਉ |
| ਅੰਬ | 5-20 | 100-200 | 250-500 | 175-350 | ਰੂੜੀ ਦੀ ਖਾਦ, ਸਾਰੀ ਸਿੰਗਲ ਸੁਪਰ ਫਾਸਫੇਟ ਦਸੰਬਰ ਵਿਚ, ਅੱਧੀ ਯੂਰੀਆ ਅਤੇ ਸਾਰੀ ਮਿਊਰੇਟ ਪੋਟਾਸ਼ ਫਰਵਰੀ ਵਿਚ ਪਾਉ, 500 ਗ੍ਰਾਮ ਵਾਧੂ ਯੂਰੀਆ ਜੂਨ ਵਿਚ (ਆਨ) ਸਾਲ ਦੌਰਾਨ ਪਾਓ |
| ਨਾਸ਼ਪਤੀ | 10-20 | 100-300 | 200-600 | 150-400 | ਰੂੜੀ ਦੀ ਖਾਦ, ਸਾਰੀ ਸਿੰਗਲ ਸੁਪਰ ਫਾਸਫੇਟ ਦਸੰਬਰ ਵਿਚ, ਅੱਧੀ ਯੂਰੀਆ ਅਤੇ ਸਾਰੀ ਮਿਊਰੇਟ ਪੋਟਾਸ਼ ਫਰਵਰੀ ਵਿਚ, ਅੱਧੀ ਯੂਰੀਆ ਜੂਨ ਵਿਚ ਪਾਉ। |
| ਬੇਰ ਉਮਰ (1-2 ਸਾਲ) | 20-40 | 200-400 | --- | -- | ਰੂੜੀ ਦੀ ਖਾਦ ਮਈ-ਜੂਨ ਵਿਚ, ਅੱਧੀ ਯੂਰੀਆ ਜੁਲਾਈ-ਅਗਸਤ ਅਤੇ ਬਾਕੀ ਫਲ ਲਗਦੇ ਸਾਰ ਪਾਓ। |
| ਲੀਚੀ | 10-20 | 150-500 | 200-600 | 60-150 | ਰੂੜੀ ਦੀ ਖਾਦ, ਸਾਰੀ ਸਿੰਗਲ ਸੁਪਰ ਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ ਦਸੰਬਰ ਵਿਚ, ਅੱਧੀ ਯੂਰੀਆ ਫਰਵਰੀ ਦੇ ਅੱਧ ਵਿਚ, ਅੱਧੀ ਯੂਰੀਆ ਅਪ੍ਰੈਲ ਦੇ ਅੱਧ ਵਿਚ ਫਲ ਲੱਗਣ ਤੋਂ ਬਾਅਦ ਪਾਓ। |
| ਅਲੂਚਾ ਉਮਰ (1-2 ਸਾਲ) | 10-15 | 180-360 | 190-380 | 150-300 | ਰੂੜੀ ਦੀ ਖਾਦ, ਸਾਰੀ ਸਿੰਗਲ ਸੁਪਰ ਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ ਦਸੰਬਰ ਵਿਚ, ਅੱਧੀ ਫਰਵਰੀ ਦੇ ਵਿਚ ਫੁੱਲ ਲੱਗਣ ਤੋਂ ਪਹਿਲਾਂ ਅਤੇ ਬਾਕੀ ਬਾਅਦ ਵਿਚ ਪਾਉ। |
| ਅੰਗੂਰ ਉਮਰ (1-2 ਸਾਲ) | 20-35 | 400-500 | 1500-2500 | 250-350 | ਸਾਰੀ ਰੂੜੀ ਦੀ ਖਾਦ, ਸਿੰਗਲ ਸੁਪਰ ਫਾਸਫੇਟ, ਅੱਧੀ ਯੂਰੀਆ ਅਤੇ ਮਿਊਰੇਟ ਆਫ ਪੋਟਾਸ਼ ਕਾਟ-ਛਾਂਟ ਤੋਂ ਬਾਅਦ ਅਤੇ ਬਾਕੀ ਯੂਰੀਆ ਅਤੇ ਮਿਊਰੇਟ ਆਫ ਪੋਟਾਸ਼ ਅਪ੍ਰੈਲ ਵਿਚ ਪਾਓ। |

ਵਧੇਰੇ ਜਾਣਕਾਰੀ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਫਲਾਂ ਦੀ ਕਾਸ਼ਤ ਬਾਰੇ ਕਿਤਾਬ ਪੜ੍ਹੋ।



# ਪਸ਼ੂਆਂ ਨੂੰ ਪੇਟ ਦੇ ਕੀੜਿਆਂ ਲਈ ਦਵਾਈ ਦੇਣਾ ਜ਼ਰੂਰੀ ਕਿਉਂ ਹੈ?

ਪਸ਼ੂਆਂ 'ਚ ਮਲੱਪਾਂ (ਪੇਟ ਦੇ ਕੀੜੇ) ਦੀ ਇੱਕ ਵੱਡੀ ਸਮੱਸਿਆ ਹੈ। ਪਸ਼ੂਆਂ 'ਚ ਅੰਦਰੂਨੀ ਪਰਜੀਵੀਆਂ/ਕੀੜਿਆਂ ਦੀ ਮੌਜੂਦਗੀ ਕਾਰਨ ਪਸ਼ੂ ਪਾਲਕ ਨੂੰ ਭਾਰੀ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਦੇਸ਼ 'ਚ ਜਿੱਥੇ ਜ਼ਿਆਦਾ ਗਰਮ ਅਤੇ ਜ਼ਿਆਦਾ ਨਮੀਂ ਵਾਲੀ ਜਲਵਾਯੂ ਕਾਰਨ ਪਸ਼ੂਆਂ 'ਚ ਪਰਜੀਵੀਆਂ ਦੀ ਸਮੱਸਿਆ ਬਹੁਤ ਆਮ ਹੈ। ਪਸ਼ੂ ਮਿੱਟੀ ਅਤੇ ਘਾਹ ਨਾਲ ਪਰਜੀਵੀ ਦੇ ਸੰਪਰਕ 'ਚ ਆਉਂਦੇ ਹਨ।

ਡੀਵਰਮਿੰਗ ਤੋਂ ਭਾਵ ਕੀੜੇਮਾਰ ਦਵਾਈਆਂ ਨਾਲ ਪਸ਼ੂਆਂ ਦੀ ਪਾਚਨ ਪ੍ਰਣਾਲੀ 'ਚ ਖਾਸ ਕਰਕੇ ਪੇਟ ਅਤੇ ਅੰਤੜੀਆਂ 'ਚੋਂ ਪਰਜੀਵੀ ਕੀੜਿਆਂ ਨੂੰ ਹਟਾ ਦੇਣਾ ਹੈ। ਡੀਵਰਮਿੰਗ ਪਸ਼ੂਆਂ ਦੀ ਰੋਗਾਂ ਦੇ ਪ੍ਰਤੀ ਲੜਨ ਦੀ ਸਮਰੱਥਾ ਵਧਾ ਦਿੰਦਾ ਹੈ ਅਤੇ ਉਨ੍ਹਾਂ ਦੇ ਉਤਪਾਦਨ 'ਚ ਵਾਧਾ (ਵਧੀਆ ਦੁੱਧ, ਮਾਸ ਅਤੇ ਆਂਡੇ) ਕਰਨ 'ਚ ਵੀ ਸਹਾਈ ਹੁੰਦਾ ਹੈ। ਮੀਟ ਲਈ ਪਾਲੇ ਜਾਣ ਵਾਲੇ ਪਸ਼ੂਆਂ ਦੇ ਪੇਟ 'ਚ ਕੀੜੇ ਹੋਣ ਨਾਲ ਉਨ੍ਹਾਂ ਦਾ ਭਾਰ ਵਧਣਾ ਰੁਕ ਜਾਂਦਾ ਹੈ ਅਤੇ ਦੁੱਧ ਪੈਦਾ ਕਰਨ ਵਾਲੇ ਪਸ਼ੂਆਂ ਦਾ ਦੁੱਧ ਉਤਪਾਦਨ ਵੀ ਘਟ ਜਾਂਦਾ ਹੈ, ਜਿਸ ਨਾਲ ਪਸ਼ੂ ਪਾਲਕਾਂ ਦਾ ਨੁਕਸਾਨ ਹੁੰਦਾ ਹੈ।

ਜੇ ਪਸ਼ੂ ਪਰਜੀਵੀ ਕੀੜਿਆਂ ਤੋਂ ਰਹਿਤ ਰਹਿੰਦੇ ਹਨ ਤਾਂ ਪਸ਼ੂ ਪਾਲਣ ਹੀ ਮੁਨਾਫੇ ਦਾ ਸੌਦਾ ਹੋਵੇਗਾ। ਕਿਉਂਕਿ ਜੇ ਪਸ਼ੂ ਦੇ ਪੇਟ 'ਚ ਕੀੜੇ ਹੋਣਗੇ ਤਾਂ ਜੋ ਵੀ ਖੁਰਾਕ ਪਸ਼ੂ ਲਵੇਗਾ, ਉਹ 'ਚ ਜ਼ਿਆਦਾਤਰ ਹਿੱਸਾ ਪਰਜੀਵੀ ਕੀੜੇ ਖਾ ਜਾਣਗੇ। ਕੁਝ ਅੰਦਰੂਨੀ ਪਰਜੀਵੀ ਕੀੜੇ ਜਿਵੇਂ ਫੀਤਾ ਕੀੜੇ, ਗੋਲ ਕੀੜੇ ਆਦਿ ਪਸ਼ੂ ਦੇ ਪੇਟ ਅੰਦਰ ਰਹਿ ਕੇ ਉਸ ਦੀ ਖੁਰਾਕ ਖਾਂਦੇ ਹਨ ਅਤੇ ਖੂਨ ਪੀਂਦੇ ਹਨ। ਇਸ ਨਾਲ ਪਸ਼ੂ ਕਮਜ਼ੋਰ ਹੋ ਜਾਂਦਾ ਹੈ, ਪਸ਼ੂ ਦੀ ਰੋਗਾਂ ਪ੍ਰਤੀ ਲੜਨ ਦੀ ਸਮਰੱਥਾ ਘਟ ਜਾਂਦੀ ਹੈ ਅਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਜਾਂਦਾ ਹੈ। ਜੇ ਪਸ਼ੂ ਦੇ ਪੇਟ 'ਚ ਕੀੜੇ ਹੋਣ ਤਾਂ ਵੱਖ-ਵੱਖ ਰੋਗਾਂ ਤੋਂ ਬਚਾਉਣ ਲਈ ਲਾਏ ਗਏ ਟੀਕਿਆਂ ਦਾ ਪ੍ਰਭਾਵ ਵੀ ਪੂਰੀ ਤਰ੍ਹਾਂ ਨਾਲ ਨਹੀਂ ਹੋ ਪਾਉਂਦਾ, ਕਿਉਂਕਿ ਬੀਮਾਰੀਆਂ ਦੇ ਪ੍ਰਤੀ ਇਮਿਊਨਿਟੀ ਪੂਰੀ ਤਰ੍ਹਾਂ ਤਿਆਰ ਨਹੀਂ ਹੋ ਪਾਉਂਦੀ।

**ਪਸ਼ੂ ਦੇ ਪੇਟ 'ਚ ਕੀੜੇ ਹੋਣ ਦੇ ਲੱਛਣ**

★ ਪਸ਼ੂ ਸੁਸਤ ਅਤੇ ਕਮਜ਼ੋਰ ਹੋ ਜਾਂਦਾ ਹੈ।

★ ਪਸ਼ੂ ਦਾ ਭਾਰ ਘਟ ਜਾਂਦਾ ਹੈ।

★ ਪਸ਼ੂਆਂ ਦੀਆਂ ਹੱਡੀਆਂ ਦਿਸਣ ਲੱਗ ਜਾਂਦੀਆਂ ਹਨ।

★ ਪਸ਼ੂ ਦਾ ਪੇਟ ਵੱਧ ਜਾਂਦਾ ਹੈ।

★ ਚਾਰਾ ਅਤੇ ਦਾਣਾ ਖਾ ਕੇ ਵੀ ਸਰੀਰ ਦਾ ਵਾਧਾ ਅਤੇ ਉਤਪਾਦਨ ਘਟ ਹੋ ਜਾਂਦਾ ਹੈ।

★ ਪਸ਼ੂ ਨੂੰ ਮੋਕ ਲੱਗ ਜਾਂਦੀ ਹੈ ਅਤੇ ਕਦੇ-ਕਦੇ ਗੋਹੇ 'ਚ ਖੂਨ ਜਾਂ ਕੀੜੇ ਵੀ ਦਿਖਦੇ ਹਨ।

★ ਪਸ਼ੂ ਮਿੱਟੀ ਖਾਂਦਾ ਹੈ।

★ ਪਸ਼ੂ ਦੇ ਸਰੀਰ ਦੀ ਚਮਕ ਘੱਟ ਹੋ ਜਾਂਦੀ ਹੈ ਅਤੇ ਵਾਲ ਖੁਰਦਰੇ ਦਿਸਦੇ ਹਨ।

★ ਪਸ਼ੂਆਂ 'ਚ ਖੂਨ ਦੀ ਘਾਟ / ਅਨੀਮਿਆ ਹੋ ਜਾਂਦਾ ਹੈ।

★ ਮਾਦਾ ਪਸ਼ੂਆਂ 'ਚ ਗਰਭ ਧਾਰਨ ਕਰਨਾ ਔਖਾ ਹੁੰਦਾ ਹੈ।

★ ਜਵਾਨ ਪਸ਼ੂ ਦਾ ਆਮ ਤੌਰ 'ਤੇ ਵੱਡੇ ਪਸ਼ੂਆਂ ਦੀ ਤੁਲਨਾ 'ਚ ਅੰਦਰੂਨੀ ਪਰਜੀਵੀ ਨਾਲ ਜ਼ਿਆਦਾ ਨੁਕਸਾਨ ਹੁੰਦਾ ਹੈ।

**ਪਸ਼ੂਆਂ ਦੇ ਪੇਟ ਦੇ ਕੀੜਿਆਂ ਤੋਂ ਸੁਰੱਖਿਆ ਕਿਵੇਂ ਕੀਤੀ ਜਾਵੇ?**

★ ਪਸ਼ੂਆਂ ਨੂੰ ਹਰ 3 ਮਹੀਨੇ 'ਚ ਇਕ ਵਾਰ ਪੇਟ ਦੇ ਕੀੜਿਆਂ ਦੀ ਦਵਾਈ ਜ਼ਰੂਰ ਦੇਣੀ ਚਾਹੀਦੀ ਹੈ।

★ ਰੈਗੂਲਰ ਪਸ਼ੂਆਂ ਦੇ ਗੋਹੇ ਦੀ ਜਾਂਚ ਕਰਾਉਂਦੇ ਰਹਿਣਾ ਚਾਹੀਦਾ ਹੈ। ਜੇਕਰ ਜਾਂਚ ਦੇ ਸਮੇਂ ਪੇਟ 'ਚ ਕੀੜੇ ਹੋਣ ਦੀ ਪੁਸ਼ਟੀ ਹੋ ਜਾਵੇ ਤਾਂ ਪਸ਼ੂਆਂ ਦੇ ਡਾਕਟਰ ਦੀ ਸਲਾਹ ਤੇ ਪਸ਼ੂ ਨੂੰ ਸਹੀ ਦਵਾਈ ਕੀੜੇ ਮਾਰਨ ਲਈ ਜ਼ਰੂਰ ਦੇਣੀ ਚਾਹੀਦੀ ਹੈ।

★ ਪਸ਼ੂਆਂ 'ਚ ਬਿਮਾਰੀਆਂ ਦੇ ਟੀਕਾਕਰਨ ਤੋਂ ਪਹਿਲਾਂ ਮਲੱਪ ਮਾਰਨ ਦੀ ਦਵਾਈ ਜ਼ਰੂਰ ਦੇਣੀ ਚਾਹੀਦੀ ਹੈ।

★ ਇੱਕੋ ਹੀ ਕੀੜੇਮਾਰ ਦਵਾਈ ਨੂੰ ਵਾਰ-ਵਾਰ ਨਾ ਦਿਓ, ਨਹੀਂ ਤਾਂ ਕੀੜੇ ਉਸ ਦਵਾਈ ਦੇ ਪ੍ਰਤੀ ਸਹਿਣਸ਼ੀਲਤਾ ਵਿਕਸਿਤ ਕਰ ਲੈਂਦੇ ਹਨ ਅਤੇ ਫਿਰ ਉਸ ਦਵਾਈ ਦਾ ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ। ਹਰ 3 ਮਹੀਨਿਆਂ ਬਾਅਦ ਅਲੱਗ-ਅਲੱਗ ਕੀੜੇਮਾਰ ਦਵਾਈ ਦੀ ਵਰਤੋਂ ਕਰੋ।

★ ਸਾਫ-ਸਫਾਈ ਵੱਲ ਖਾਸ ਧਿਆਨ ਦਿਓ।

★ ਗੱਭਣ ਪਸ਼ੂਆਂ ਨੂੰ ਦਵਾਈ ਨਾ ਦਿਓ। ਜੇ ਬਹੁਤ ਜ਼ਰੂਰੀ ਹੋਵੇ ਤਾਂ ਪਸ਼ੂਆਂ ਦੇ ਡਾਕਟਰ ਦੀ ਸਲਾਹ ਨਾਲ ਸਹੀ ਦਵਾਈ ਦੀ ਚੋਣ ਕਰਨੀ ਚਾਹੀਦੀ ਹੈ।

**ਮਧੂ ਸ਼ੈਲੀ, ਪੀ. ਏ. ਯੂ., ਲੁਧਿਆਣਾ**

ਡਾ. ਰਿਪੁਦਮਨ ਸਿੰਘ, ਡਾ. ਓਮ ਚੌਹਾਨ,
ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ,
ਪਟਿਆਲਾ ਮੋ: 9815200134, 9241592151

# ਮੋਸ਼ਨ ਸਿਕਨੈਸ

ਸਫਰ ਦੇ ਦੌਰਾਨ ਗੱਡੀ ਵਿਚ ਅਕਸਰ ਕਈਆਂ ਨੂੰ ਮੋਸ਼ਨ ਸਿਕਨੈਸ ਦਾ ਕਾਰਨ ਉਲਟੀ, ਮਤਲੀ ਅਤੇ ਚੱਕਰ ਆਉਣ ਲੱਗਦੇ ਹਨ ਅਜਿਹੇ ਵਿਚ ਉਨ੍ਹਾਂ ਨੂੰ ਠੀਕ ਰੱਖਣ ਲਈ ਸਫਰ ਨੂੰ ਅੱਛਾ ਬਣਾਉਣ ਲਈ ਤੁਸੀਂ ਇੰਜ ਕਰ ਸਕਦੇ ਹੋ।

ਸਫਰ ਦੇ ਦੌਰਾਨ ਮੋਸ਼ਨ ਸਿਕਨੈਸ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੁੰਦੀ। ਖਾਸਕਰ, ਜੇਕਰ ਗੱਲ ਮੋਸ਼ਨ ਸਿਕਨੈਸ ਦੀ ਹੋਵੇ ਤਾਂ ਉਨ੍ਹਾਂ ਨੂੰ ਹੈਂਡਲ ਕਰਨਾ ਕਾਫੀ ਮੁਸ਼ਕਲ ਹੋ ਜਾਂਦਾ ਹੈ। ਅਕਸਰ ਗੱਡੀ, ਬਸ ਜਾਂ ਟ੍ਰੇਨ ਵਿਚ ਸਫਰ ਕਰਨ ਦੇ ਦੌਰਾਨ ਉਲਟੀ, ਮਤਲੀ ਅਤੇ ਸਿਰ ਘੁੰਮਣ ਦੀ ਸਮੱਸਿਆ ਹੋਣ ਲੱਗਦੀ ਹੈ। ਅਜਿਹੇ ਵਿਚ ਟਰੈਵਲ ਕਰਨਾ ਉਨ੍ਹਾਂ ਦੇ ਲਈ ਕਾਫੀ ਮੁਸ਼ਕਲ ਹੋ ਜਾਂਦਾ ਹੈ ਨਾਲ ਹੀ ਹਾਲਤ ਵੇਖ ਕੇ ਕਾਫੀ ਵਿਆਕੁਲ ਹੋ ਜਾਂਦੇ ਹਨ। ਲੇਕਿਨ ਕੁੱਝ ਗੱਲਾਂ ਦਾ ਧਿਆਨ ਰੱਖ ਕੇ ਅਤੇ ਸਾਵਧਾਨੀਆਂ ਵਰਤ ਕੇ ਤੁਸੀਂ ਯਾਤਰਾ ਨੂੰ ਬਿਹਤਰ ਬਣਾ ਸਕਦੇ ਹੋ। ਪਟਿਆਲਾ ਦੇ ਪਿੰਡ ਬਾਰਨ ਦੀ ਹਰਪ੍ਰੀਤ ਕਲੀਨਿਕ ਦੇ ਡਾਕਟਰ ਹਰਪ੍ਰੀਤ ਕਾਲਰਾ ਤੋਂ ਜਾਣਦੇ ਹਾਂ ਕਿ ਮੋਸ਼ਨ ਸਿਕਨੈਸ ਘਟ ਕਰਨ ਲਈ ਕੀ ਸਕਦੇ ਹਾਂ?

**ਮੋਸ਼ਨ ਸਿਕਨੈਸ ਤੋਂ ਬਚਾਵ ਲਈ ਕੀਤਾ ਜਾਵੇ?**

1. **ਗੱਡੀ ਨੂੰ ਠੰਡਾ ਰੱਖੋ** : ਸਫਰ ਦੇ ਦੌਰਾਨ ਮੋਸ਼ਨ ਸਿਕਨੈਸ ਦੀ ਸਮੱਸਿਆ ਤੋਂ ਰਾਹਤ ਦਵਾਉਣ ਲਈ ਤੁਸੀਂ ਕਾਰ ਦੇ ਅੰਦਰ ਇਕ ਆਰਾਮਦਾਇਕ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰੋ। ਕਾਰ ਤੇ ਅੰਦਰ ਘੁਟਨ ਜਾਂ ਜ਼ਿਆਦਾ ਗਰਮੀ ਤੋਂ ਬਚਾਉਣ ਲਈ ਗੱਡੀ ਦੇ ਅੰਦਰ ਦਾ ਤਾਪਮਾਨ 19 ਤੋਂ 20 ਡਿਗਰੀ ਸੈਲਸੀਅਸ ਦੇ ਵਿਚ ਰੱਖੋ। ਦਰਅਸਲ ਕਾਰ ਦੇ ਅੰਦਰ ਦੀ ਗਰਮੀ ਮਤਲੀ ਦੀ ਸਮੱਸਿਆ ਨੂੰ ਵਧਾ ਸਕਦੀ ਹੈ। ਇਸ ਲਈ ਜੇਕਰ ਤੁਸੀਂ ਟਰੈਫਿਕ ਵਿਚ ਨਹੀ ਹੋ ਅਤੇ ਖੁੱਲੇ ਰਸਤੇ ਤੇ ਹੋ ਤਾਂ ਆਪਣੀ ਗੱਡੀ ਦੀਆਂ ਬਾਰੀਆਂ ਖੁੱਲੀਆਂ ਵੀ ਰੱਖ ਸਕਦੇ ਹੋ, ਜਿਸ ਦੇ ਨਾਲ ਉਨ੍ਹਾਂ ਨੂੰ ਫਰੈਸ਼ ਏਅਰ ਮਿਲੇਗੀ।



2. **ਹਲਕਾ ਨਾਸ਼ਤਾ ਕਰਾਓ** : ਖਾਲੀ ਢਿੱਡ ਜਾਂ ਬਹੁਤ ਜ਼ਿਆਦਾ ਖਾਣਾ ਖਾਣ ਦੇ ਕਾਰਨ ਵੀ ਮੋਸ਼ਨ ਸਿਕਨੈਸ ਦੀ ਸਮੱਸਿਆ ਵਧ ਸਕਦੀ ਹੈ। ਇਸ ਲਈ ਟਰੈਵਲ ਕਰਨ ਤੋਂ ਪਹਿਲਾਂ ਅਤੇ ਯਾਤਰਾ ਕਰਨ ਦੇ ਦੌਰਾਨ ਤੁਸੀਂ ਕਰੈਕਸ, ਫਲ, ਜਾਂ ਦਹੀਂ ਵਰਗੇ ਹਲਕੇ ਅਤੇ ਪੌਸ਼ਟਿਕ ਨਾਸ਼ਤਾ ਖਿਲਾ ਸਕਦੇ ਹੋ। ਲੇਕਿਨ ਤੁਸੀਂ ਹੈਵੀ, ਆਇਲੀ ਅਤੇ ਮਸਾਲੇਦਾਰ ਖਾਣਾ ਖਿਲਾਉਣ ਤੋਂ ਬਚੋ ਕਿਉਂਕਿ ਇਹ ਮਤਲੀ ਦੀ ਸਮੱਸਿਆ ਨੂੰ ਵਧਾ ਸਕਦੇ ਹਨ।

3. **ਸਕਰੀਨ ਟਾਈਮ ਸੀਮਿਤ ਕਰੋ** : ਯਾਤਰਾ ਦੇ ਦੌਰਾਨ ਸਕਰੀਨ, ਕਿਤਾਬਾਂ ਜਾਂ ਟੈਬਲੇਟ ਤੇ ਕੁਝ ਦੇਖਣ ਨਾਲ ਵੀ ਮੋਸ਼ਨ ਸਿਕਨੈਸ ਦੀ ਸਮੱਸਿਆ ਹੋ ਸਕਦੀ ਹੈ ਕਿਉਂਕਿ ਇਸ ਤੋਂ ਦੇਖਣ ਅਤੇ ਮਹਿਸੂਸ ਕਰਨ ਦੀ ਸਮਰੱਥਾ ਦੇ ਵਿਚ ਇਕ ਤਰ੍ਹਾਂ ਦਾ ਅੰਤਰ ਪੈਦਾ ਹੁੰਦਾ ਹੈ। ਇਸ ਦੀ ਬਜਾਏ ਤੁਸੀ ਆਡਯੋਬੁਕ, ਉਨ੍ਹਾਂ ਦੇ ਪਸੰਦ ਦੇ ਸੰਗੀਤ ਜਾਂ ਇੰਟਰੈਕਟਿਵ ਗੇਮ ਵਰਗੇ ਦਿਲਚਸਪ ਵਿਕਲਪ ਚੁਣੋ, ਜਿਨ੍ਹਾਂ ਵਿਚ ਉਨ੍ਹਾਂ ਨੂੰ ਫੋਕਸ ਕਰਨ ਦੀ ਜ਼ਰੂਰਤ ਨਾ ਪਵੇ ਅਤੇ ਟਰੈਵਲ ਦਾ ਲੁਤਫ ਉਠਾ ਸਕੋ।

4. **ਵਾਰ-ਵਾਰ ਬ੍ਰੇਕ ਲਵੋ** : ਆਪਣੇ ਬੱਚੇ ਨੂੰ ਬਾਹਰ ਨਿਕਲਣ, ਖਿੰਚਾਵ ਕਰਨ ਅਤੇ ਕੁਝ ਤਾਜ਼ੀ ਹਵਾ ਲੈਣ ਲਈ ਆਪਣੀ ਯਾਤਰਾ ਦੇ ਦੌਰਾਨ ਵਿਚ ਬ੍ਰੇਕ ਲਵੋ। ਗਤੀਵਿਧੀ ਅਤੇ ਪਰਿਵਰਣ ਵਿਚ ਬਦਲਾਵ ਉਨ੍ਹਾਂ ਦੇ ਸੈਂਸਰੀ ਸਿਸਟਮ ਨੂੰ ਰੀਸੈਟ ਕਰਨ ਵਿਚ ਮਦਦ ਕਰਦਾ ਹੈ ਜਿਸ ਦੇ ਨਾਲ ਮੋਸ਼ਨ ਸਿਕਨੈਸ ਦੇ ਕਾਰਨ ਹੋਣ ਵਾਲੀ ਔਖਿਆਈ ਨੂੰ ਘੱਟ ਕਰਨ ਵਿਚ ਮਦਦ ਮਿਲ ਸਕਦੀ ਹੈ।

5. **ਝਪਕੀ ਤੇ ਸਮੇਂ ਯਾਤਰਾ ਕਰੋ** : ਜੇਕਰ ਸੰਭਵ ਹੋਵੇ ਤਾਂ ਆਪਣੇ ਸੌਣ ਦੇ ਸਮੇਂ ਦੌਰਾਨ ਤੁਸੀਂ ਟਰੈਵਲ ਕਰਨ ਦਾ ਸ਼ੈਡਿਊਲ ਉਸਾਰਿਏ। ਸੌਣ ਦੇ ਦੌਰਾਨ ਮੋਸ਼ਨ ਸਿਕਨੈਸ ਦੀ ਸਮੱਸਿਆ ਘੱਟ ਹੁੰਦੀ ਹੈ ਕਿਉਂਕਿ ਇਸ ਸਮੇਂ ਦਿਮਾਗ ਜ਼ਿਆਦਾ ਐਕਟਿਵ ਨਹੀਂ ਹੁੰਦਾ। ਇੰਨਾ ਹੀ ਨਹੀਂ ਟਰੈਵਲ ਖਤਮ ਹੋਣ ਤੋਂ ਬਾਅਦ ਫਰੈਸ਼ ਮਹਿਸੂਸ ਕਰੋਗੇ।

**ਜਗਦੀਸ਼ ਬਹਾਦਰਪੁਰੀ**
ਪਿੰਡ ਤੇ ਡਾਕ ਬਹਾਦਰਪੁਰ,
ਤਹਿਸੀਲ-ਜ਼ਿਲਾ ਸੰਗਰੂਰ-148001
ਮੋਬਾਈਲ 94639-85934



# ਇਹ ਵੀ ਮੇਰਾ ਪੰਜਾਬ ਹੈ ਯਾਰੋ

ਸੁਬਹ ਇੱਥੇ ਹੁਣ ਸ਼ੋਰ ਭਰੀ ਹੈ। ਪੰਛੀਆਂ ਦੀ ਆਵਾਜ਼ ਨਹੀਂ ਹੈ ॥
ਸ਼ਾਂਤ ਹਵਾ ਨਾ ਨਿਰਮਲ ਪਾਣੀ। ਧੂੜ, ਧੂੰਏਂ, ਗੰਦ ਚਾਦਰ ਤਾਣੀ ॥
ਭੱਜ ਦੌੜ ਦਾ ਰਾਜ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਰਿਸ਼ਤਿਆਂ ਵਿਚੋਂ ਮੁਹੱਬਤ ਗੁੰਮ ਹੈ। ਛੋਟਿਆਂ ਵਿਚੋਂ ਇੱਜਤ ਗੁੰਮ ਹੈ ॥
ਔਰਤ ਲਈ ਸ਼ਰਾਫਤ ਗੁੰਮ ਹੈ। ਸੱਚ ਕਹਿਣ ਦੀ ਜੁਰਅਤ ਗੁੰਮ ਹੈ ॥
ਹਰ ਕੋਈ ਉਂਝ ਨਵਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਦੁੱਧ, ਲੱਸੀ, ਚੰਗਿਆਈ ਗੁੰਮ ਹੈ। ਸ਼ੋਰ ਬਹੁਤ ਤਨਹਾਈ ਗੁੰਮ ਹੈ ॥
ਦੁਖੀਆਂ ਦੀ ਸੁਣਵਾਈ ਗੁੰਮ ਹੈ। ਗੁੱਸਾ ਹੈ ਨਰਮਾਈ ਗੁੰਮ ਹੈ ॥
ਕੈਸਾ ਇਹ ਅਜਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਨੇਤਾ, ਪੁਲਿਸ ਮਿਲੇ ਅਪਰਾਧੀ, ਨਿਆਂਪਾਲਿਕਾ ਹੈ ਘੁਣ ਖਾਧੀ।
ਨਸ਼ਿਆਂ ਵਿਚ ਗਲਤਾਨ ਜਵਾਨੀ। ਮੌਤ ਵਿਚੋਂ ਲੱਭਦੀ ਜ਼ਿੰਦਗਾਨੀ ॥
ਹਾਲਤ ਬੜੀ ਖਰਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਵੱਲ ਵਿਦੇਸ਼ਾ ਬੰਨ੍ਹ ਬੰਨ੍ਹ ਡਾਰਾਂ, ਉੱਡੇ ਜਾਣ ਗੱਭਰੂ ਮੁਟਿਆਰਾਂ।
ਆਸਾਂ ਨੇ ਜਦ ਬੂਹਾ ਢੋਇਆ। ਆਪਣਾ ਦੇਸ਼ ਬੇਗਾਨਾ ਹੋਇਆ।
ਮੰਗਦਾ ਵਕਤ ਜਵਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਰਹਿਬਰੋ, ਸੰਤੋ, ਸਿਆਸਤਦਾਨੋ। ਸੁਝਵਾਨ, ਦਰਦੀ, ਵਿਦਵਾਨੋ।
ਇਲਮ, ਅਕਲ, ਮੂੰਹ ਜ਼ੋਰ ਜਵਾਨੀ। ਇਉਂ ਪਰਦੇਸੀ ਜੇ ਤੁਰ ਜਾਣੀ।
ਜਗਦੀਸ਼ !'ਡਰਾਉਣਾ' ਖਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

# ਆਖਰ ਕਿਸਾਨ ਅੰਦੋਲਨ ਦੀ ਰਾਹ 'ਤੇ ਕਿਉਂ?

**ਜੰਗਵੀਰ ਸਿੰਘ ਚੌਹਾਨ, ਸੂਬਾ ਪ੍ਰਧਾਨ ਦੁਆਬਾ ਕਿਸਾਨ ਕਮੇਟੀ ਪੰਜਾਬ,**
**ਪਿੰਡ ਰਸੂਲਪਰ, ਟਾਂਡਾ ਉੜਮੁੜ-144212, ਜ਼ਿਲ੍ਹਾ ਹੁਸ਼ਿਆਰਪੁਰ, ਮੋ. 7305000003**

ਦੇਸ਼ ਦਾ ਢਿੱਡ ਭਰਨ ਵਾਲਾ ਕਿਸਾਨ ਅੱਜ ਸੜਕਾਂ 'ਤੇ ਬੈਠ ਕੇ ਮੁਜ਼ਾਹਰੇ ਤੇ ਧਰਨੇ ਲਾਉਣ ਜੋਗਾ ਹੀ ਰਹਿ ਗਿਆ ਹੈ। ਦੇਸ਼ ਨੂੰ ਆਜ਼ਾਦ ਹੋਇਆਂ 77 ਵਰ੍ਹੇ ਹੋ ਗਏ, ਪਰੰਤੂ ਅੱਜ ਵੀ ਗੁਲਾਮੀ ਵਾਲਾ ਅਹਿਸਾਸ ਕਰਵਾਇਆ ਜਾ ਰਿ ਹਾ ਹੈ। ਸਰਕਾਰ ਨੇ ਜ਼ਰੂਰੀ ਵਸਤੂਆਂ ਬਾਰੇ ਕਾਨੂੰਨ 1955 (Essential Commodity Act AIEE) 'ਚ ਪਾਸ ਕੀਤਾ ਸੀ। ਜਵਾਹਰ ਲਾਲ ਨਹਿਰੂ ਦੀ ਕੈਬਨਿਟ 'ਚ ਖੁਰਾਕ ਮੰਤਰੀ ਰਫੀ ਅਹਿਮਦ ਕਿਦਵਾਨੀ ਨੇ ਜ਼ਰੂਰੀ ਵਸਤੂਆਂ ਬਾਰੇ ਨਵੇਂ ਬਣਾਏ ਜਾਣ ਵਾਲੇ ਕਾਨੂੰਨ 'ਤੇ 1952 'ਚ ਕੰਮ ਸ਼ੁਰੂ ਕੀਤਾ ਸੀ, ਤਾਂ ਜੋ ਦੇਸ਼ ਦੇ ਲੋਕਾਂ ਨੂੰ ਅਨਾਜ ਦੀ ਖਰੀਦ ਸੰਬੰਧੀ ਵਪਾਰੀਆਂ ਹੱਥੋਂ ਹੋਣ ਵਾਲੀ ਲੁੱਟ-ਖਸੁੱਟ ਤੋਂ ਬਚਾਇਆ ਜਾ ਸਕੇ। ਇਹ ਐਕਟ 1955 'ਚ ਪਾਸ ਹੋ ਕੇ ਲਾਗੂ ਹੋ ਗਿਆ ਸੀ, ਇਸ ਲਈ ਬਣਾਇਆ ਗਿਆ ਸੀ, ਕਿਉਂਕਿ ਆਜ਼ਾਦੀ ਤੋਂ ਬਾਅਦ ਪਹਿਲੇ ਸਾਲਾਂ 'ਚ ਭਾਰਤ ਵਿਚ ਅਨਾਜ ਦੀ ਕਮੀ ਸਿਖਰਾਂ 'ਤੇ ਸੀ। ਭਾਰਤ ਨੂੰ ਅਨਾਜ ਲਈ ਦੂਜੇ ਦੇਸ਼ਾਂ ਅੱਗੇ ਹੱਥ ਫੈਲਾਉਣੇ ਪੈਂਦੇ ਸਨ। ਵਪਾਰੀ ਜ਼ਰੂਰੀ ਵਸਤਾਂ ਦੀ ਜਮ੍ਹਾਖੋਰੀ ਕਰਕੇ ਇਸ ਨੂੰ ਮਹਿੰਗੇ ਭਾਅ 'ਤੇ ਵੇਚ ਦਿੰਦੇ ਸਨ, ਸਰਕਾਰ ਦਾ ਕੋਈ ਕੰਟਰੋਲ ਨਹੀਂ ਸੀ। ਨਵੇਂ ਬਣੇ ਕਾਨੂੰਨ ਨਾਲ ਲੋਕਾਂ ਦੀ ਲੁੱਟ-ਖਸੁੱਟ ਬੰਦ ਹੋਈ। ਦੇਸ਼ 'ਚ ਅਨਾਜ ਦੀ ਪੈਦਾਵਾਰ ਵਧਾਉਣ ਲਈ ਪੰਜਾਬ ਨੇ ਸਭ ਤੋਂ ਮੂਹਰੇ ਹੋ ਕੇ ਹਰੀ ਕ੍ਰਾਂਤੀ ਲਿਆਉਣ 'ਚ ਯੋਗਦਾਨ ਪਾ ਕੇ ਪੂਰੇ ਦੇਸ਼ ਦਾ ਢਿੱਡ ਭਰਿਆ ਸੀ, ਪਰ ਇਹ ਸਭ ਭੁਲਾ ਕੇ ਮੌਜੂਦਾ ਸਰਕਾਰ ਕਿਸਾਨਾਂ ਨੂੰ ਖਤਮ ਕਰਨ ਦੇ ਰਾਹ ਪੈ ਗਈ ਹੈ। ਕੇਂਦਰ ਦੀ ਭਾਜਪਾ ਸਰਕਾਰ ਨੇ 5 ਸਾਲ ਪਹਿਲਾਂ 3 ਖੇਤੀ ਕਾਨੂੰਨ ਲਿਆ ਕੇ ਕਿਸਾਨਾਂ ਨੂੰ ਵਪਾਰੀਆਂ ਹੱਥ ਸੌਂਪਣ ਦੀ ਕੋਝੀ ਕੋਸ਼ਿਸ਼ ਕੀਤੀ ਸੀ, ਤਾਂ ਸੰਯੁਕਤ ਕਿਸਾਨ ਮੋਰਚਾ (ਐਸ. ਕੇ. ਐਮ.) ਵਲੋਂ ਦਿੱਲੀ ਦੀਆਂ ਸਰਹੱਦਾਂ 'ਤੇ ਕਰੀਬ ਸਵਾ ਸਾਲ ਤੱਕ ਚਲਾਏ ਸੰਘਰਸ਼ ਤੋਂ ਬਾਅਦ ਕੇਂਦਰ ਨੇ ਵਿਵਾਦਤ ਖੇਤੀ ਕਾਨੂੰਨ ਵਾਪਸ ਲੈ ਲਿਆ ਸੀ।

ਪਿਛਲੇ ਦਿਨੀਂ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਭਾਰਤੀ ਖੇਤੀ ਖੋਜ ਪਰਿਸ਼ਦ ਦੇ ਇਕ ਸਮਾਗਮ 'ਚ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਸਾਹਮਣੇ ਸਰਕਾਰ ਨੂੰ ਘੱਟੋ-ਘੱਟ ਸਮਰਥਨ (ਐਮ. ਐਸ. ਪੀ.) ਸੰਬੰਧੀ ਕਿਸਾਨਾਂ ਦੀ ਮੰਗ 'ਤੇ ਹਾਂ-ਪੱਖੀ ਵਿਚਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਸਾਡੀ ਮਾਨਸਿਕਤਾ ਸਾਕਾਰਾਤਮਕ ਹੋਣੀ ਚਾਹੀਦੀ ਹੈ। ਸਾਨੂੰ ਇਹ ਸੋਚ ਕੇ ਰੁਕਾਵਟਾਂ ਪੈਦਾ ਨਹੀਂ ਕਰਨੀਆਂ ਚਾਹੀਦੀਆਂ ਕਿ ਕਿਸਾਨਾਂ ਨੂੰ ਐਮ. ਐਸ. ਪੀ. ਦੇਣ ਦੇ ਮਾੜੇ ਨਤੀਜੇ ਨਿਕਲਣਗੇ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਦੂਰ ਭਜਾਉਣ ਦੀ ਬਜਾਏ ਇਨ੍ਹਾਂ ਨੂੰ ਗਲੇ ਲਗਾਉਣ ਦੀ ਲੋੜ ਹੈ। ਉਪ ਰਾਸ਼ਟਰਪਤੀ ਨੇ ਚੌਹਾਨ ਨੂੰ ਸਵਾਲ ਕੀਤਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਿਉਂ ਨਹੀਂ ਕਰ ਰਹੀ ? ਆਖਿਰ ਕਿਸਾਨ ਐਮ. ਐਸ. ਪੀ. ਦੇ ਕਾਨੂੰਨੀ ਅਧਿਕਾਰ ਦੀ ਮੰਗ ਕਿਉਂ ਕਰ ਰਹੇ ਹਨ ?

ਦੇਸ਼ 'ਚ ਪੰਜ ਏਕੜ ਤੋਂ ਘੱਟ ਜ਼ਮੀਨ 'ਤੇ ਖੇਤੀ ਕਰਦੇ ਕਿਸਾਨਾਂ ਦੀ ਗਿਣਤੀ 86 ਫੀਸਦੀ ਹੈ, ਇਨ੍ਹਾਂ ਨੂੰ ਯਕੀਨਨ ਮੰਡੀ ਲਈ ਐਮ. ਐਸ. ਪੀ. ਦੀ ਜ਼ਰੂਰਤ ਹੈ। ਛੋਟੇ ਕਿਸਾਨਾਂ ਕੋਲ ਭੰਡਾਰਨ ਦੀ ਸਹੂਲਤ ਨਾ ਹੋਣ ਕਾਰਨ ਅਤੇ ਅਗਲੀ ਫਸਲ ਦੀ ਕਾਸ਼ਤ ਲਈ ਸੀਮਤ ਸਮਾਂ ਹੋਣ ਕਾਰਨ ਉਨ੍ਹਾਂ ਨੂੰ ਫਸਲਾਂ ਦੇ ਵਾਢੀ ਦੇ ਨਾਲ ਹੀ ਮੰਡੀ ਵਿਚ ਫਸਲ ਵੇਚਣੀ ਪੈਂਦੀ ਹੈ ਐਮ. ਐਸ. ਪੀ. ਦੀ ਗਾਰੰਟੀ ਨਾ ਹੋਣ ਕਾਰਨ ਕਿਸਾਨਾਂ ਨੂੰ ਫਸਲ ਦਾ ਭਾਅ ਉਨ੍ਹਾਂ ਦੇ ਲਾਗਤ ਮੁੱਲ ਨਾਲੋਂ ਵੀ ਘੱਟ ਮਿਲਦਾ ਹੈ। ਐਮ. ਐਸ. ਪੀ. ਜਿਹੀ ਸੁਰੱਖਿਅਤ ਪ੍ਰਣਾਲੀ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਗਾਰੰਟੀਸ਼ੁਦਾ ਕੀਮਤ ਮਿਲੇਗੀ, ਇਹ ਕਾਨੂੰਨੀ ਗਾਰੰਟੀ ਕਿਸਾਨਾਂ ਨੂੰ ਵਾਜਬ ਤੇ ਸਥਿਰ ਕੀਮਤ ਪ੍ਰਦਾਨ ਕਰਕੇ ਵਿਚੋਲਿਆਂ ਦੁਆਰਾ ਹੁੰਦੀ ਲੁੱਟ ਤੋਂ ਵੀ ਬਚਾਵੇਗੀ। ਐਮ. ਐਸ. ਪੀ. ਦਾ ਗਾਰੰਟੀ ਕਾਨੂੰਨ ਸਿਰਫ ਕੁਝ ਖੇਤਰਾਂ ਤੇ ਕੁਝ ਫਸਲਾਂ ਤੱਕ ਹੀ ਸੀਮਤ ਹੋਣ ਕਰਕੇ ਕਿਸਾਨਾਂ ਨੂੰ ਕਣਕ, ਝੋਨੇ, ਗੰਨੇ ਦੀ ਖੇਤੀ ਤੋਂ ਇਲਾਵਾ ਹੋਰ ਫਸਲਾਂ ਦੀ ਖੇਤੀ ਕਰਨ 'ਤੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਆਪਣੇ ਹੀ ਰਾਸ਼ਟਰੀ ਕਿਸਾਨ ਕਮਿਸ਼ਨ ਦੀ ਰਿਪੋਰਟ, ਜਿਸ ਨੂੰ ਸਵਾਮੀਨਾਥਨ ਰਿਪੋਰਟ ਕਹਿੰਦੇ ਹਨ, ਦੁਆਰਾ ਸਿਫਾਰਸ਼ ਕੀਤੇ ਸੀ 2+50% ਫਾਰਮੂਲੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰਕੇ ਲਾਗੂ ਨਹੀਂ ਕਰ ਰਹੀ। ਐਮ. ਐਸ. ਪੀ. ਤੈਅ ਕਰਨ ਦੇ ਤਿੰਨ ਫਾਰਮੂਲੇ ਹਨ- ਪਹਿਲੇ ਨੰਬਰ 'ਤੇ ਏ 2 ਫਾਰਮੂਲਾ ਹੈ, ਜੋ ਕਿਸਾਨ ਦੀ ਲਾਗਤ (ਖੇਤ ਵਾਹੁਣ, ਬੀਜਣ, ਬੀਜ, ਤੇਲ ਤੇ ਮਸ਼ੀਨਾਂ ਦੇ ਕਿਰਾਏ 'ਤੇ ਹੁੰਦੇ ਖਰਚ) 'ਤੇ ਅਧਾਰਿਤ ਹੈ, ਦੂਜਾ ਏ+ਐਫ ਭਾਵ 2+ ਫੈਮਲੀ ਲੇਬਰ ਜਿਸ ਵਿਚ ਨਕਦ ਖਰਚਿਆਂ ਤੋਂ ਇਲਾਵਾ ਪਰਿਵਾਰ ਦੀ ਮਿਹਨਤ ਵੀ ਜੋੜੀ ਜਾਂਦੀ ਹੈ ਅਤੇ ਤੀਜਾ ਸੀ 2-ਕਾਸਟ ਸਬ ਜਿਸ ਵਿਚ ਨਕਦ ਕੀਤਾ ਖਰਚਾ + ਪਰਿਵਾਰਕ ਮਿਹਨਤ + ਜ਼ਮੀਨ ਦਾ ਠੇਕਾ ਜਾਂ ਜ਼ਮੀਨ ਦੀ ਕਿਸ਼ਤ 'ਤੇ ਬਣਦਾ ਵਿਆਜ ਸੰਦਾਂ ਦੀ ਘਸਾਈ ਤੇ ਨਵੀਆਂ ਤਕਨੀਕਾਂ ਨਾਲ ਸੰਦਾਂ ਦਾ ਬਦਲਾਅ ਆਦਿ ਸ਼ਾਮਿਲ ਹੈ। ਕੇਂਦਰ ਸਰਕਾਰ ਸਿਰਫ ਏ2 ਨੂੰ ਗਿਣਦਿਆਂ ਐਮ ਐਸ ਪੀ ਦਾ ਐਲਾਨ ਕਰਦੀ ਹੈ ਤੇ ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਵੱਧ ਤੋਂ ਵੱਧ ਏ2+ ਫੈਮਲੀ ਲੇਬਰ ਗਿਣਤੀ ਹੈ, ਪਰ ਸੀ 2 ਦੇਣ ਵਾਸਤੇ ਬਿਲਕੁਲ ਵੀ ਤਿਆਰ ਨਹੀਂ ਹੈ ਜਦ ਕਿ ਸਵਾਮੀਨਾਥਨ ਰਿਪੋਰਟ ਵਿਚ ਤਾਂ ਸੀ2+ 50 ਫੀਸਦੀ ਮੁਨਾਫਾ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ। 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਮੋਦੀ ਨੇ ਚੋਣਾਂ ਜਿੱਤਣ 'ਤੇ ਸਭ ਤੋਂ ਪਹਿਲਾਂ ਇਹ ਕੰਮ ਕਰਨ ਦਾ ਵਾਅਦਾ ਕੀਤਾ ਸੀ। ਵਾਅਦਾ ਪੂਰਾ ਕਰਨ ਦੀ ਬਜਾਏ ਕਿਸਾਨਾਂ ਵੱਲੋਂ ਦਾਇਰ ਇਕ ਜਨਹਿੱਤ ਪਟੀਸ਼ਨ ਦੇ ਜਵਾਬ ਵਿਚ ਕੇਂਦਰ ਨੇ ਸੁਪਰੀਮ ਕਰੋਟ 'ਚ ਦਿੱਤੇ ਹਲਫੀਆ ਬਿਆਨ 'ਚ ਕਿਹਾ ਕਿ ਸਵਾਮੀਨਾਥਨ ਰਿਪੋਰਟ ਲਾਗੂ ਕਰਨਾ ਸਰਕਾਰ ਵਾਸਤੇ ਸੰਭਵ ਨਹੀਂ ਹੈ।



ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਰਿੱਟ ਪਟੀਸ਼ਨ ਨੰਬਰ 18969/2014 ਵਿਚ ਪੇਸ਼ ਦਸਤਾਵੇਜ਼ ਪੰਨਾ ਨੰਬਰ 55 ਤੋਂ 66 ਤੱਕ ਤੋਂ ਪਤਾ ਲਗਦਾ ਹੈ ਕਿ ਫਸਲ ਦੀ ਲਾਗਤ ਕਿੰਨੀ ਹੈ ਅਤੇ ਐਮ. ਐਸ. ਪੀ. ਉਬ; ਤੋਂ 300 ਤੋਂ 400 ਰੁਪਏ ਪ੍ਰਤੀ ਕੁਇੰਟਲ ਘੱਟ ਹੈ। ਖੇਤੀ ਤੇ ਖੇਤੀ ਮੰਡੀਕਰਨ ਦੋਵੇਂ ਸਟੇਟ ਸਬਜੈਕਟ (ਸੂਬਿਆਂ ਦੇ ਵਿਸ਼ੇ) ਹਨ, ਭਾਰਤ ਨੂੰ ਇਸ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ। ਪੰਜਾਬ ਦਾ ਮਾਰਕੀਟਿੰਗ ਸਿਸਟਮ ਬਹੁਤ ਵਧੀਆ ਹੈ, ਕੇਂਦਰ ਸਰਕਾਰ ਨੇ ਜਿਹੜਾ ਨਵਾਂ ਮਾਰਕੀਟਿੰਗ ਡਰਾਫਟ ਸੂਬਿਆਂ ਨੂੰ ਭੇਜਿਆ, ਉਸ ਤੋਂ ਸਪੱਸ਼ਟ ਹੈ ਕਿ ਅਜੇ ਵੀ ਕੇਂਦਰ ਦੀ ਨੀਅਤ ਇਥੇ ਕਾਰਪੋਰੇਟ ਐਗਰੀਕਲਚਰ ਲੈ ਕੇ ਆਉਣ ਦੀ ਹੈ। ਹਿਮਾਚਲ ਦੀ ਫਲ ਮਾਰਕੀਟ ਵਿਚ ਅਡਾਨੀ ਨੇ 'ਇੰਟਰ' ਕੀਤਾ ਹੈ, ਉਸ ਨੇ ਪਹਿਲਾਂ ਆਪਣੇ 'ਕੰਪੀਟੀਟਰਾਂ' ਨੂੰ ਖਤਮ ਕਰਨ ਦੇ ਫਾਰਮੂਲੇ ਤਹਿਤ 'ਮਨੋਪਲੀ' ਬਣਾਉਣ ਲਈ ਮਾਰਕੀਟ ਵਿਚ ਸੇਬ ਦਾ ਰੇਟ ਡਬਲ ਕਰ ਦਿੱਤਾ ਤਾਂ ਕਿਸਾਨ ਉਧਰ ਨੂੰ ਭੱਜ ਪਏ। ਕਿਸਾਨ ਤਾਂ ਫਸਲ ਦੇ ਰੇਟ 5 ਰੁਪਏ ਵੱਧ ਮਿਲਣ 'ਤੇ ਉੱਸ ਨੂੰ ਤੁਰ ਪੈਂਦਾ ਹੈ, ਦੋ ਸਾਲ ਰੇਟ ਵਧਾ ਦਿੱਤੇ ਤੇ ਜਦੋਂ ਉਸ ਦੇ ਕੰਪੀਟੀਟਰ ਵਿੱਚੋਂ ਨਿਕਲਦੇ ਗਏ ਤਾਂ ਤੀਜੇ ਸਾਲ ਫਸਲ ਆਈ ਤਾਂ ਸਥਾਨਕ ਵਪਾਰੀ ਨਾ ਹੋਣ ਕਰਕੇ ਸੇਬਾਂ ਦੀ ਕੀਮਤ ਡਿੱਗ ਕੇ 1/3 ਰਹਿ ਗਈ। ਹੁਣ ਉਥੇ ਦੇ ਕਿਸਾਨ ਪਿੱਟਦੇ ਹਨ ਕਿ ਅਡਾਨੀ ਸੇਬ ਸਸਤਾ ਲੈ ਕੇ 10 ਗੁਣਾ ਵੱਧ ਰੇਟ 'ਤੇ ਵੇਚਦਾ ਹੈ। ਇਹੋ ਕੁਝ ਕਿਸਾਨਾਂ ਨਾਲ ਹੋਣ ਵਾਲਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਅੰਦੋਲਨਕਾਰੀ ਕਿਸਾਨਾਂ ਦੀਆਂ ਮੰਗਾਂ ਜਲਦੀ ਮੰਨ ਲਵੇ।

कृषि एवं कृषि संबंधित विषयों पर आधुनिक जानकारी लेने हेतु पढ़ें
कृषि संसार
हिन्दी साप्ताहिक समाचार पत्र
किसान भाईयों व डीलर/डिस्ट्रीब्यूटरों के लिए
चंदों में विशेष छूट
एक वर्ष 500/- रुपए
दो वर्ष 800/- रुपए
KHETI DUNIYAN
TID - 62763351
चंदे भेजने हेतु QR कोड सकैन करें।
कृषि संसार (कृषि साप्ताहिक)
के.डी. कॉम्पलैक्स, गऊशाला रोड, पटियाला
पेमेंट करने के पश्चात् अपना डाक पता इस नंबर पर भेजें :
90410-14575

RNI Regd. No. PUNPUN00806

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

## ਸਫਲ ਕਿਸਾਨ ਜੱਗਾ ਪਹਿਲਵਾਨ



ਅੱਜ ਖੇਤੀ 'ਚ ਵਿਭਿੰਨਤਾ ਲਿਆਉਣੀ ਸਮੇਂ ਦੀ ਮੁੱਖ ਲੋੜ ਹੈ ਕਿਉਕਿ ਝੋਨੇ ਦੀ ਫਸਲ ਨਾਲ ਪਾਣੀ ਦਾ ਪੱਧਰ ਨੀਵਾਂ ਜਾ ਰਿਹਾ ਹੈ। ਇਨ੍ਹਾਂ ਨੂੰ ਮੁੱਖ ਰੱਖ ਕੇ ਖੇਤੀਬਾੜੀ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਮਾਂਗਟ ਤੇ ਸਫਲ ਕਿਸਾਨ ਜੱਗਾ ਪਹਿਲਵਾਨ ਨੇ ਖੇਤੀ 'ਚ ਵਿਭਿੰਨਤਾ ਲਿਆਂਦੀ। ਉਨ੍ਹਾਂ ਕਣਕ, ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲ ਕੇ ਸਬਜ਼ੀਆਂ, ਗੰਨਾ ਅਤੇ ਮੱਕੀ ਦੀ ਫਸਲ ਬੀਜ ਕੇ ਕਾਫੀ ਪੈਸਾ ਕਮਾ ਰਿਹਾ ਹੈ। ਉਨ੍ਹਾਂ ਕਿਹਾ ਫਸਲੀ ਚੱਕਰ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਵਧਦੀ ਹੈ। ਨਾਲ ਨਦੀਨਾਂ 'ਚ ਕਮੀ ਆਉਂਦੀ ਹੈ। ਫਸਲ ਦੀ ਪੈਦਾਵਰ ਵੱਧ ਹੁੰਦੀ ਹੈ। ਹੁਣ ਉਨ੍ਹਾਂ ਬਾਕੀ ਸਬਜ਼ੀਆਂ ਦੇ ਨਾਲ ਨਾਲ ਗੋਭੀ ਦੀ ਬੀਜਾਈ ਕੀਤੀ ਹੈ। ਗੋਭੀ ਦੇ ਇਕ ਬੂਟੇ ਨੂੰ ਕਈ ਕਈ ਫੁੱਲ ਲੱਗੇ ਹਨ। ਉਨ੍ਹਾਂ ਗੰਨੇ ਤੋਂ ਸ਼ੁੱਧ ਗੁੜ ਤਿਆਰ ਕਰਨ ਲਈ ਆਪਣੇ ਖੇਤਾਂ 'ਚ ਗੰਨੇ ਦੀ ਪਿੜਾਈ ਸ਼ੁਰੂ ਕੀਤੀ ਹੋਈ ਹੈ। ਆਪਣੇ ਖੇਤਾਂ 'ਚ ਨਵੀਂ ਨਵੀਂ ਵਿਧੀਆਂ ਨਾਲ ਖੇਤੀਬਾੜੀ ਕਰਕੇ ਮੱਲਾਂ ਮਾਰ ਰਿਹਾ ਹੈ।

## ਜੀ ਐੱਨ ਡੀ ਯੂ 'ਚ ਵੱਖਰੀ ਕਿਸਮ ਦੇ ਕੇਲਿਆਂ ਦੀ ਪੈਦਾਵਾਰ



ਰਵਾਇਤੀ ਖੇਤੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਨਾਲ-ਨਾਲ ਲਾਹੇਵੰਦ ਖੇਤੀ ਉਤਪਾਦਨ ਤੇ ਧੰਦਿਆਂ ਨੂੰ ਉਤਸ਼ਾਹਿਤ ਤੇ ਪ੍ਰਫੁੱਲਿਤ ਕਰਨ ਵਿਚ ਆਪਣਾ ਅਹਿਮ ਯੋਗਦਾਨ ਪਾਉਣ ਵਾਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਨੇ ਵੱਖਰੀ ਤੇ ਨਿਵੇਕਲੀ ਕਿਸਮ ਦੇ ਕੇਲਿਆਂ ਦੀ ਫਸਲ ਦੀ ਸਫਲ ਪੈਦਾਵਾਰ ਦਾ ਕੀਰਤੀਮਾਨ ਸਥਾਪਤ ਕੀਤਾ ਹੈ। ਜ਼ਿਕਰਯੋਗ ਹੈ ਕਿ ਵਿਭਾਗ ਮੁੱਖੀ ਡਾ. ਪੀ. ਕੇ. ਪਾਤੀ ਤੇ ਕਈ ਹੋਰ ਖੇਤੀ ਮਾਹਰਾਂ ਵੱਲੋਂ ਦੂਰਅੰਦੇਸ਼ੀ ਨਾਲ ਵਿਚਾਰ-ਵਟਾਂਦਰਾ ਤੇ ਖੋਜ ਉਪਰੰਤ ਕੇਲਿਆਂ ਦੀ ਇਸ ਖੇਤੀ ਨੂੰ ਪ੍ਰਫੁੱਲਤ ਤੇ ਉਤਸ਼ਾਹਿਤ ਕਰਨ ਦਾ ਫੈਸਲਾ ਲਿਆ ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ। ਇਸ ਦੌਰਾਨ ਵਿਭਾਗੀ ਵਿਦਿਆਰਥੀਆਂ ਦਾ ਵੀ ਅਹਿਮ ਯੋਗਦਾਨ ਰਿਹਾ। ਇਸ ਸਬੰਧੀ ਕਈ ਖੇਤੀ ਮਾਹਰਾਂ ਨੇ ਇਸ ਨੂੰ ਵਰਦਾਨ ਤੇ ਲਾਹੇਵੰਦ ਖੇਤੀ ਧੰਦਾ ਮੰਨਦੇ ਹੋਏ ਜੀ ਐੱਨ ਡੀ ਯੂ ਦੇ ਖੇਤੀਬਾੜੀ ਵਿਭਾਗ ਦੀ ਦਿਲ ਦੇ ਪੈਮਾਨੇ ਤੋੜ ਕੇ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਇਸ ਵੱਖਰੇ ਤੇ ਨਿਵੇਕਲੀ ਕਿਸਮ ਦੇ ਕੇਲਿਆਂ ਦੀ ਇਸ ਖੇਤੀ ਨੇ ਬਾਗਬਾਨੀ ਵਿਚ ਵੱਖਰੀ ਛਾਪ ਛੱਡੀ ਹੈ। ਇਸ ਨਾਲ ਵਿਦਿਆਰਥੀਆਂ ਤੇ ਕਿਸਾਨਾਂ ਵਿਚ ਦਿਲਚਸਪੀ ਤਾਂ ਪੈਦਾ ਹੋਵੇਗੀ ਹੀ ਸਗੋਂ ਫਲ ਦੇ ਵਪਾਰ ਵਿਚ ਵੀ ਨਵੀਂ ਕ੍ਰਾਂਤੀ ਆਵੇਗੀ। ਮਾਹਰਾਂ ਅਨੁਸਾਰ ਇਸ ਖੇਤੀ ਦੇ ਨਾਲ ਰੋਜ਼ਗਾਰ ਦੇ ਵੀ ਕਈ ਮੌਕੇ ਪੈਦਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਹ ਵੀ ਕਿਹਾ ਕਿ ਕੋਈ ਸਮਾਂ ਸੀ ਕਿ ਜਦੋਂ ਇਹ ਖੇਤੀ ਸਿਰਫ ਤੇ ਸਿਰਫ ਦੱਖਣੀ ਭਾਰਤ ਸਮੇਤ ਦੇਸ਼ ਦੇ ਕੁਝ ਹਿੱਸਿਆਂ ਦੇ ਹਿੱਸੇ ਆਉਂਦੀ ਸੀ ਤੇ ਹੁਣ ਇਸ ਖੇਤੀ ਦੀ ਪੈਦਾਵਾਰ ਨੂੰ ਲੈ ਕੇ ਕ੍ਰਾਂਤੀ ਰੂਪੀ ਪ੍ਰਬੰਧ ਕਰਨੇ ਤੇ ਉਸ ਪੌਣ-ਪਾਣੀ ਨੂੰ ਵੀ ਇਜ਼ਾਦ ਕਰਨਾ ਆਪਣੇ ਆਪ ਵਿਚ ਬਹੁਤ ਵੱਡੀ ਪ੍ਰਾਪਤੀ ਹੈ।

ਮਾਹਰਾਂ ਦੀ ਮੰਨੀਏ ਤਾਂ ਉਹ ਦਿਨ ਦੂਰ ਨਹੀਂ ਜਦੋਂ ਉੱਤਰੀ ਭਾਰਤ ਦੀਆਂ ਫਲ ਮੰਡੀਆਂ ਵਿਚ ਪੰਜਾਬ ਦੀ ਪੈਦਾਵਾਰ ਲਾਹੇਵੰਦ ਬਾਗਬਾਨੀ ਖੇਤੀ ਕੇਲਿਆਂ ਦੀ ਤੂਤੀ ਬੋਲੇਗੀ। ਅੱਜ ਵੀ ਉੱਤਰੀ ਭਾਰਤ ਦੀਆਂ ਬਹੁਤ ਸਾਰੀਆਂ ਫਲ ਮੰਡੀਆਂ ਵਿਚ ਕੇਲਿਆਂ ਦੀ ਨਿਵੇਕਲੀ ਪੈਦਾਵਾਰ ਵੇਖਣ ਨੂੰ ਮਿਲ ਰਹੀ ਹੈ। ਇਸ ਦਾ ਅਕਾਰ ਤੇ ਸਵਾਦ ਇਕ ਵਖਰੇਵੇ ਦੀ ਮੂੰਹੋਂ ਬੋਲਦੀ ਤਸਵੀਰ ਹੈ।

### ਵੀ ਸੀ ਪ੍ਰੋ. ਕਰਮਜੀਤ ਸਿੰਘ ਦੀ ਦੂਰਅੰਦੇਸ਼ੀ ਸੋਚ ਸਦਕਾ ਹੀ ਸੰਭਵ ਹੋ ਸਕਿਆ : ਪ੍ਰੋ. ਪਾਤੀ

ਖੇਤੀਬਾੜੀ ਵਿਭਾਗ ਵਿਖੇ ਸਥਿਤ ਵੱਖਰੀ ਕਿਸਮ ਦੇ ਕੇਲਿਆਂ ਦਾ ਬਾਗ ਦਾ ਦੌਰਾ ਤੇ ਮੁਆਇਨਾ ਕਰਨ ਪਹੁੰਚੇ ਵਿਭਾਗ ਮੁੱਖੀ ਪ੍ਰੋ. ਡਾ. ਪੀ ਕੇ ਪਾਤੀ ਨੇ ਜੀ ਐੱਨ ਡੀ ਯੂ ਨਾਨ-ਟੀਚਿੰਗ ਇੰਪਲਾਈਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤੇ ਸਕੱਤਰ ਹਰਦੀਪ ਸਿੰਘ ਨਾਗਰਾ, ਆਗੂ ਗੁਰਸ਼ਰਨ ਸਿੰਘ ਤੇ ਆਗੂ ਹਰਦੀਪ ਸਿੰਘ ਆਦਿ ਨੂੰ ਵਿਭਾਗ ਦੀ ਇਸ ਵਿਲੱਖਣ ਪੈਦਾਵਾਰ ਤੇ ਪ੍ਰਾਪਤੀ ਤੋਂ ਜਾਣੂੰ ਕਰਵਾਉਦਿਆਂ ਦੱਸਿਆ ਕਿ ਵਿਭਾਗ ਦੇ ਅਧਿਆਪਕਾਂ, ਖੇਤੀ ਮਾਹਰਾਂ ਤੇ ਵਿਦਿਆਰਥੀਆਂ ਵੱਲੋਂ ਇਸ ਤੋਂ ਪਹਿਲਾਂ ਵੀ ਕਈ ਫਲਾਂ ਤੇ ਬਾਗਬਾਨੀ ਨੂੰ ਲੈ ਕੇ ਸਫਲ ਤਜਰਬੇ ਕੀਤੇ ਗਏ ਹਨ ਜਿਸ ਤੋਂ ਬਹੁਤ ਵਧੀਆ ਤੇ ਸ਼ਾਨਦਾਰ ਪੈਦਾਵਾਰ ਸਾਹਮਣੇ ਆਈ ਹੈ। ਉਨ੍ਹਾਂ ਦੱਸਿਆ ਕਿ ਜੀ ਐੱਨ ਡੀ ਯੂ ਦਾ ਇਹ ਵਿਭਾਗ ਆਉਣ ਵਾਲੇ ਸਮੇਂ ਦੌਰਾਨ ਕਈ ਕਿਸਮਾਂ ਦੇ ਤਜਰਬੇ ਕਰਨ ਲਈ ਰਣਨੀਤੀ ਤਿਆਰ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜੀ ਐੱਨ ਡੀ ਯੂ ਦੇ ਵੀ ਸੀ ਡਾ. ਪ੍ਰੋ. ਕਰਮਜੀਤ ਸਿੰਘ ਦੀ ਦੂਰਅੰਦੇਸ਼ੀ ਸੋਚ ਸਦਕਾ ਹੀ ਸੰਭਵ ਹੋ ਸਕਿਆ ਹੈ।

